ਵਤਨੋਂ ਦੂਰ




ਸ਼ਹੀਦ ਭਗਤ ਸਿੰਘ



ਮਾਰਚ/ਅਪ੍ਰੈਲ ੧੯੮੨

# SURPRISE SALE

PERSONAL SHOPPING ONLY — Ends May 15/82 — WE RESERVE THE RIGHT TO LIMIT QUANTITIES

## SPICES

HALDI
MUSTARD SEEDA (RAI)
DHANIA WHOLE .. 97c LB.

DAHNIA GROUND...
KALI MIRCH.........
AMCHOOR
1.47

## FLOURS

PEA FLOUR ....2 kg 1.99
CHANA FLOUR ......2 kg 2.99
CORN FLOUR .......2 kg 1.89
ROBINHOOD MAIDA 5.99 10 kg

## RICE

BASMATI RICE
TOP QUALITY ....................55 LBS $39.00
LONG GRAIN RICE 50 LBS 16.99

## LIJJAT PAPADS

89c
pkt.

## GREEN ELAICH

8.99
LB

## CANNED VEGETABLES

EACH
SOHNA SAAG ...........67c
ZENITH
SARSON SAAG .........67c
VAFA CHHOLIA ........67c
MOTH ......................67c




BRAVO CHICK PEAS
2 for 99c

## FRESH MEAT



WHOLE 'AGRADE'
**Chicken 99¢** LB.

**Chicken Legs $1.37** LB.

## CANNED MEAT




CORNED MUTTON.. TIN 1.97
MAKREL FISH ...... TIN .99c

## DAALS

LB.
MOONG WHOLE ........57c
MANH ......................57c
MANH WHOLE ..........57c
KALE CHOLLE ..........57c
GREEN PEAS ............57c
YELLOW PEAS ..........57c
MASUR WHOLE ........57c
MOONG CHILKA ........57c

## ALMONDS

PRICE SO LOW, YOU WON'T BELEIVE IT. COME & SEE.

## SOFT DRINKS

750 ml
COKE.................59c
TAB .........................59c
SPRITE ...................49c
SUGAR FREE SPRITE 49c
PLUS DEPOSIT

## OIL

VEGETABLE OIL ..16 kg 18.99

## FARINE ATTA

BEST PRICE
IN TOWN

## PICKLES

5 LBS.
PACHRANGA............5.99
LEMON.....................5.99
MANGO ...................5.99

## AGARBATTI

59c EACH
(SANDAL)

## ONIONS & SUGAR FANTASTIC PRICES

# Victoria Food Centre

5380 VICTORIA DRIVE, (38TH & VICTORIA) VANCOUVER, B.C.
PHONE: 325-2933

**LITERARY & CULTURAL BIMONTHLY OF PANJABI**

# THE WATNO DŪR

P.O.Box 67681 Stn.'O'
Vancouver, B.C. V5W 3V2

ਪੰਜਾਬੀ ਦਾ ਸਾਹਿਤਕ ਤੇ ਸੱਭਿਆਚਾਰਕ ਦੋ ਮਾਸਕ - ਪੱਤਰ

# ਵਤਨੋਂ ਦੂਰ

P.O.Box 67681 Stn.'O'
Vancouver, B.C. V5W 3V2

| | | |
|---|---|---|
| 2nd Class Mail Reg. No.3233<br>ANNUAL SUBSCRIPTION:<br>Canada-U.S.A. $10.00<br>Other SEA $10.00<br>Countries AIR $15.00 | VOL. 9 NO. 91<br>MARCH/APRIL .82 | *All officeholders and members of WATNO DUR PUBLICATIONS (Reg'd.) past and present have been and are honorary associates of WATNO DUR.* |

EDITOR:
Sadhu, 437-9014

ASSISTANT EDITOR:
Sukhwant Hundal, 321-9221

CIRCULATION EDITORS:
Amarjit Chahal, 581-0406
Inderjit Rode, 430-1538

ADVERTISING AND MANAGING EDITOR:
Paul Binning, 879-3339

ADVISERS:
Ajmer Rodey, 438-7793
Surinder Dhanjal (403) 539-9614

WATNO DUR REPRESENTATIVES:
Raghbir Mand, 325-9564 Vancouver
Iqbal Ramuwalia, Toronto
Avtar Gill, Sherwood Park Alta (464-3851)
Dave Jatana, Prince Rupert 627-7209
Harnek Mann, Pr. George (564-6245)
J.S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Satwant Deepak, Edmonton 469-2444
Kashmira Singh Chaman, Calgary (248-2841)
Jagdev S. Jatana, Fort Nelson (774-6308)
LAYT BHINDER EDMONTON 435-7469

ਭਾਰਤ ਵਿੱਚ ਪਾਠਕ ਲਈ ਸਹਿਯੋਗ
ਇੱਕ ਕਾਪੀ - 2 ਰੁਪਏ
ਸਲਾਨਾ - 10 ਰੁਪਏ
ਇਸ ਲਈ ਤੁਸੀਂ ਸੁਰਿੰਦਰ ਕੈਲੇ ਨੂੰ ਹੇਠ ਲਿਖੇ ਪਤੇ ਤੇ ਸੰਪਰਕ ਕਰੋ।

Surinder Kailay
9-D, Sarabha Nagar
Ludhiana 141001

## ਇਸ ਅੰਕ ਵਿੱਚ

ਕਵਿਤਾਵਾਂ : ਚਰਨ ਸਿੰਘ, ਸੁਰਿੰਦਰ ਧੰਜਲ, ਨਾਜ਼ਰ ਸਿੰਘ ਤਰਸ, ਹਰਜੀਤ ਦੌਧਰੀਆ, ਮਹਿੰਦਰ ਸੂਮਲ, ਹਰਿਮੰਦਰ, ਜੈਕੀ 'ਟਰਾਂਟੋ'

ਕਹਾਣੀ : ਅਮਰਜੀਤ ਚਾਹਲ, ਇੰਦਰਜੀਤ ਰੋਡੇ, ਕੇ.ਸੀ. ਮੋਹਨ

ਲੇਖ : ਤਾਰਾ ਸਿੰਘ, ਗੁਰਬਖਸ਼ ਸੰਧੂ, - ਭਾਰਤ ਦੀਆਂ ਜੇਲ੍ਹਾਂ ਬਾਰੇ ਇੱਕ ਲੇਖ

ਵਿਸ਼ਵ ਸੰਮੇਲਨ ਬਾਰੇ : ਪ੍ਰੀਤਮ ਸਿੱਧੂ, ਸੰਤੋਖ ਸਿੰਘ ਸੰਤੋਖ, ਅਵਤਾਰ ਗਿੱਲ

ਸਥਾਈ ਕਾਲਮ : ਦੂਰੋਂ ਨੇੜਿਓਂ

ਰਿਪੋਰਟ : ਕਨੇਡੀਅਨ ਫਾਰਮ ਵਰਕਰ ਯੂਨੀਅਨ

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

ਸਥਾਈ ਕਾਲਮ

# ਲੋੜਉ

## ਕੁਝ ਅੰਕੜੇ

ਮਾਰਚ ਦੇ ਪਹਿਲੇ ਹਫਤੇ ਮਲਟੀਕਲਚਰਲਿਜ਼ਮ ਦੇ ਮਨਿਸਟਰ ਜੇਮਸ ਫਲੈਮਿੰਗ ਵਲੋਂ ਨਸਲਵਾਦ ਬਾਰੇ ਸਰਕਾਰ ਵਲੋਂ ਕਰਾਏ ਗਏ ਇਕ ਸਰਵੇ ਦੇ ਅੰਕੜੇ ਪੇਸ਼ ਕੀਤੇ ਗਏ। ਇਹਨਾਂ ਅੰਕੜਿਆਂ ਅਨੁਸਾਰ ਇਸ ਸਰਵੇ 'ਚ ਹਿੱਸਾ ਲੈਣ ਵਾਲੇ ਲੋਕਾਂ ਵਿਚੋਂ ਤੀਜੇ ਹਿੱਸੇ (31%) ਦੇ ਲਗਭਗ ਲੋਕ ਇਹ ਚਾਹੁੰਦੇ ਹਨ ਕਿ ਕਨੇਡਾ ਸਿਰਫ ਗੋਰਿਆਂ ਲਈ ਹੀ ਹੋਣਾ ਚਾਹੀਦਾ ਹੈ। 18% ਦੇ ਲਗਭਗ ਲੋਕਾਂ ਨੇ ਕਿਹਾ ਕਿ ਉਹ ਅਜਿਹੀਆਂ ਸੰਸਥਾਵਾਂ ਜਿਹੜੀਆਂ ਕਨੇਡਾ ਨੂੰ ਸਿਰਫ ਗੋਰਿਆਂ ਲੋਕਾਂ ਦਾ ਦੇਸ਼ ਬਣਾਉਣ ਲਈ ਕੰਮ ਕਰ ਰਹੀਆਂ ਹਨ, ਦੇ ਪੂਰੀ ਤਰ੍ਹਾਂ ਹੱਕ ਵਿੱਚ ਹਨ। ਆਉ ਵੇਖੀਏ ਕਿ ਮਲਟੀਕਲਚਰਲਿਜ਼ਮ ਦੇ ਮਨਿਸਟਰ ਨੂੰ ਇਹ ਸਰਵੇ ਕਰਨ ਅਤੇ ਉਸਨੂੰ ਲੋਕਾਂ ਸਾਹਮਣੇ ਲਿਆਉਣ ਦੀ ਲੋੜ ਕਿਉਂ ਪਈ।

ਮਿਸਟਰ ਫਲੈਮਿੰਗ ਅਨੁਸਾਰ, ਇਹ ਸਰਵੇ ਉਹਨਾਂ ਇਸ ਲਈ ਕਰਵਾਇਆ ਤਾਂ ਕਿ ਉਹ ਜਾਣ ਸਕਣ ਕਿ ਨਸਲਵਾਦ ਕਨੇਡੀਅਨ ਸਮਾਜ ਵਿਚ ਕਿਸ ਹੱਦ ਤੱਕ ਹੈ ਅਤੇ ਨਸਲਵਾਦੀ ਸੰਸਥਾਵਾਂ ਦਾ ਲੋਕਾਂ ਵਿੱਚ ਕਿਤਨਾ ਕੁ ਅਧਾਰ ਹੈ। ਨਸਲਵਾਦ ਬਾਰੇ ਕਿਸੇ ਤਰ੍ਹਾਂ ਦਾ ਐਕਸ਼ਨ ਲੈਣ ਲਈ ਸਰਕਾਰ ਨੂੰ ਇਸ ਦੀ ਜਾਣਕਾਰੀ ਜ਼ਰੂਰੀ ਹੈ। ਜੇ ਆਪਾਂ ਪਿਛਲੇ ਸਾਲ ਕੁ ਦੀਆਂ ਘਟਨਾਵਾਂ ਨੂੰ ਦੇਖੀਏ ਤਾਂ ਸਾਫ ਪਤਾ ਲੱਗਦਾ ਹੈ ਕਿ ਇਸ ਸਮੇਂ ਦੌਰਾਨ ਨਸਲਵਾਦ ਵਧਿਆ ਹੈ। ਇਸਦੇ ਨਾਲ ਹੀ ਥਾਂ ਥਾਂ ਨਸਲਵਾਦ ਵਿਰੋਧੀ ਸੰਸਥਾਵਾਂ ਨੇ ਵੀ ਪਿਛਲੇ ਸਾਲ ਦੇ ਦੌਰਾਨ ਥਾਂ ਥਾਂ ਸਮੇਂ ਸਰਕਾਰ ਨੂੰ ਕਿਹਾ ਹੈ ਕਿ ਨਸਲਵਾਦ ਵਿਰੁੱਧ ਕੁਝ ਕਰੇ। ਫਿਰ ਸਰਵੇ ਰਾਹੀਂ ਸਰਕਾਰ ਨੂੰ ਕਿਸ ਨਵੀਂ ਗੱਲ ਦਾ ਪਤਾ ਲੱਗਦਾ ਹੈ।

ਜੇ ਦੂਜੀ ਤਰ੍ਹਾਂ ਦੇਖਿਆ ਜਾਵੇ ਤਾਂ ਸਰਵੇ ਦਾ ਉਦੇਸ਼ ਜ਼ਿਆਦਾ ਸਾਫ ਨਜ਼ਰ ਆਉਂਦਾ ਹੈ। ਕਨੇਡਾ ਦੀ ਆਰਥਿਕਤਾ ਇਸ ਸਮੇਂ ਬੁਰੀ ਹਾਲਤ ਵਿੱਚ ਹੈ। ਬੇ-ਰੁਜ਼ਗਾਰੀ ਬਹੁਤ ਵੱਧ ਚੁੱਕੀ ਹੈ। ਇਸ ਸਮੇਂ ਇਹੋ ਜਿਹੇ ਸਰਵੇ ਕਰ ਲੋਕਾਂ ਸਾਹਮਣੇ ਲਿਆਉਣੇ ਸਰਕਾਰ ਦੇ ਹੱਕ ਵਿੱਚ ਜਾਂਦੇ ਹਨ। ਕਿਉਂਕਿ ਉਹ ਇਸ ਤਰ੍ਹਾਂ ਮਾੜੀ ਆਰਥਿਕਤਾ ਤੇ ਰੁਜ਼ਗਾਰੀ ਦੀ ਜ਼ਿੰਮੇਵਾਰੀ ਆਪਣੇ ਤੋਂ ਲਾਹ ਘੱਟ-ਗਿਣਤੀਆਂ ਉਪਰ ਸੁੱਟ ਸਕਦੀ ਹੈ ਤਾਂ ਕਿ ਮਜ਼ਦੂਰ ਜਮਾਤ ਸਰਕਾਰ ਵਿਰੁੱਧ ਕੁਝ ਕਰਨ ਦੀ ਬਜਾਏ ਆਪਸ ਵਿੱਚ ਹੀ ਲੜ ਪਵੇ।

## ਵਿਸਾਖੀ ਦਾ ਜਲੂਸ

ਦੱਸ ਅਪ੍ਰੈਲ 1982 ਵਾਲੇ ਦਿਨ ਵੈਨਕੂਵਰ ਅਤੇ ਸਰੀ ਵਿੱਚ ਵਿਸਾਖੀ ਦੇ ਜਲੂਸ ਕੱਢੇ ਗਏ। ਵੈਨਕੂਵਰ ਵਿੱਚ ਪੰਜਾਬੀ ਮਾਰਕੀਟ ਦੇ ਇਲਾਕੇ ਵਿੱਚ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਲੋਕਾਂ ਦਾ ਹੜ੍ਹ ਆ ਗਿਆ ਹੋਵੇ। ਇਸ ਹੀ ਤਰ੍ਹਾਂ ਸਰੀ ਵਿੱਚ ਵੀ ਜਲੂਸ ਵਿੱਚ ਲੋਕ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

ਜਿਥੇ ਇਹਨਾਂ ਜਲੂਸਾਂ ਵਿੱਚ ਸ਼ਾਮਲ ਹੋ ਲੋਕਾਂ ਨੇ ਮੇਲੇ ਵਰਗਾ ਕੁਝ ਮਾਣਿਆ, ਉਸਦੇ ਨਾਲ ਹੀ ਕਨੇਡੀਅਨ ਲੋਕਾਂ ਨੂੰ ਵੈਨਕੂਵਰ ਅਤੇ ਇਸਦੇ ਆਲੇ ਦੁਆਲੇ ਰਹਿ ਰਹੀ ਭਾਰਤੀ ਕਮਿਊਨਿਟੀ ਦੀ ਤਦਾਦ ਅਤੇ ਤਾਕਤ ਦੀ ਝਲਕ ਮਿਲੀ। ਬਹੁਤ ਵਧੀਆ ਗੱਲ ਹੈ। ਇਸ ਦੇ ਨਾਲ ਹੀ ਇੱਕ ਗੱਲ ਹੋਰ ਅੱਜ ਆਪਣੇ ਸਾਹਮਣੇ ਨਸਲਵਾਦ, ਵੀਜ਼ਾ ਸਿਸਟਮ, ਖੇਤ ਮਜ਼ਦੂਰਾਂ ਦੀ ਲੁੱਟ ਆਦਿ ਮੁਸ਼ਕਿਲਾਂ ਹਨ। ਜਦੋਂ ਵੀ ਕੋਈ ਜਥੇਬੰਦੀ ਇਹਨਾਂ ਵਿਰੁੱਧ ਕੋਈ ਜਲਸਾ ਜਾਂ ਮੁਜ਼ਾਹਰਾ ਕਰਦੀ ਹੈ ਤਾਂ ਲੋਕਾਂ ਦੀ ਗਿਣਤੀ ਸੈਂ-ਦੋ-ਸੈਂ ਹੀ ਹੁੰਦੀ ਹੈ। ਕਿੰਨਾ ਚੰਗਾ ਹੋਵੇ ਕਿ ਆਪਾਂ ਅਜਿਹੇ ਜਲਸੇ ਜਾਂ ਮੁਜ਼ਾਹਰਿਆਂ ਵਿੱਚ ਹੀ ਵਿਸਾਖੀ ਦੇ ਜਲੂਸਾਂ ਵਾਂਗ ਵੱਡੀ ਗਿਣਤੀ ਵਿੱਚ ਸ਼ਾਮਲ ਹੋਈਏ ਅਤੇ ਆਪਣੇ ਹੱਕ ਪ੍ਰਾਪਤ ਕਰੀਏ।

ਸੁਖਵੰਤ ਹੁੰਦਲ

## ਬਿਨਾਂ ਟਿਕਟੋਂ ਉਨੱਤੀ ਵਰ੍ਹੇ ਸੀਖਾਂ ਪਿਛੇ

ਰਾਮ ਚੰਦਰ ਕਾਸ਼ੀਰਾਮ 1953 ਵਿੱਚ ਨੌਕਰੀ ਦੀ ਭਾਲ ਵਿੱਚ ਨੇਪਾਲ ਤੋਂ ਅਸਾਮ ਨੂੰ ਕੰਮ ਦੀ ਭਾਲ ਵਿੱਚ ਜਾ ਰਿਹਾ ਸੀ। ਗਰੀਬ ਇਨਸਾਨ ਪੈਸੇ ਨਾਂ ਹੋਣ ਕਰਕੇ ਬਿਨਾਂ ਟਿਕਟੋਂ ਗੱਡੀ ਚੜ੍ਹ ਗਿਆ। ਇਸ ਦੋਸ਼ ਲਈ ਪੁਲੀਸ ਨੇ ਰਾਮ ਚੰਦਰ ਨੂੰ ਫੜ੍ਹਕੇ ਕਿਸ਼ਨ ਗੰਜ ਜੇਲ੍ਹ ਵਿੱਚ ਕੈਦੀ ਨੰਬਰ G. R. 210953 ਹੇਠਾਂ ਜਮ੍ਹਾਂ ਕਰ ਦਿੱਤਾ।

ਕੁੱਝ ਮਹੀਨਿਆਂ ਬਾਦ ਉਹਨੂੰ ਡਾਕਟਰੀ ਇਲਾਜ ਲਈ ਦੂਸਰੀ ਜੇਲ੍ਹ ਵਿੱਚ ਭੇਜ ਦਿੱਤਾ। 6 ਸਾਲਾਂ ਬਾਅਦ ਜੇਲ੍ਹ ਦੇ ਡਾਕਟਰ ਨੂੰ ਪਤਾ ਲੱਗਾ ਕਿ ਰਾਮ ਚੰਦਰ ਇਲਾਜ ਵਾਸਤੇ ਆਇਆ ਹੈ। ਇਸ ਤੋਂ ਬਾਦ ਉਸਨੂੰ ਹਜ਼ਾਰੀਬਾਗ ਸੈਂਟਰਲ ਜੇਲ੍ਹ ਵਿੱਚ ਬਦਲ ਦਿੱਤਾ। ਬਾਈਆਂ ਸਾਲਾਂ ਬਾਅਦ ਸੈਂਟਰਲ ਜੇਲ੍ਹ ਵਿਚੋਂ ਰਾਮ ਚੰਦਰ ਨੂੰ ਵਾਪਿਸ ਕਿਸ਼ਨਗੰਜ ਜੇਲ੍ਹ ਭੇਜਣ ਦਾ ਫੈਸਲਾ ਕੀਤਾ ਗਿਆ। ਉਥੇ ਪਹੁੰਚਣ ਤੇ ਪਤਾ ਲੱਗਾ ਕਿ ਉਹਦੀਆਂ ਸਾਰੀਆਂ ਫਾਈਲਾਂ ਗੁਆਚ ਚੁੱਕੀਆਂ ਹਨ। ਫਰਵਰੀ 1982 ਵਿੱਚ ਜੱਜ ਨੇ ਰਾਮ ਚੰਦਰ ਦਾ ਕੋਈ ਰਿਕਾਰਡ ਨਾਂ ਹੋਣ ਕਰਕੇ ਕੇਸ ਸੁਣਨ ਤੋਂ ਇਨਕਾਰ ਕਰ ਦਿੱਤਾ। ਰਾਮ ਚੰਦਰ ਦੇ ਕੇਸ ਤਾਰਾਂ (?) ਨੂੰ ਕਚਹਿਰੀ ਵਿੱਚ ਦੋ ਅਜਾਂਦਰੂ ਵਕੀਲ ਬੈਠੇ ਸਨ ਉਹਨਾਂ ਨੇ ਉਹਦੀ ਕਹਾਣੀ ਸੁਣਨ ਤੋਂ ਬਾਅਦ ਉਹਨੂੰ ਉਨੱਤੀ ਵਰ੍ਹਿਆਂ ਬਾਅਦ ਕੈਦ ਵਿਚੋਂ ਕੱਢਿਆ।

ਸਰਫਦ ਚੌਕ

# ਇਤਿਹਾਸ ਦੀ ਅਮਰ-ਯਾਦ

(ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਬਟੁਕੇਸ਼ਵਰ ਦੱਤ ਵੱਲੋਂ ੨੨ ਦਸੰਬਰ ੧੯੨੯ ਨੂੰ "ਇਨਕਲਾਬ ਜ਼ਿੰਦਾਬਾਦ" ਦੇ ਅਰਥ ਸਪੱਸ਼ਟ ਕਰਨ ਲਈ, ਸਾਮਰਾਜ ਦੇ ਪਿੱਠੂ ਅਖਬਾਰ 'ਮਾਡਰਨ ਰੀਵੀਊ' ਦੇ ਐਡੀਟਰ ਨੂੰ ਲਿਖੇ ਗਏ ਅਹਿਮ ਇਤਿਹਾਸਕ ਖ਼ਤ ਦਾ ਕਾਵਿ-ਅਨੁਵਾਦ)

"ਕੀ ਹੈ ਇਸ ਨਾਹਰੇ ਦਾ ਮਤਲਬ, ਸਤਰਾਂ ਅੱਗੇ ਰੱਖੀਏ।
ਕਿੰਨੀ ਉੱਚਤਾ ਦਾ ਇਹ ਸੂਚਕ, ਅਸੀਂ ਤੁਹਾਨੂੰ ਦੱਸੀਏ।

ਖ਼ਤਰਨਾਕ ਇਸ ਮੋੜ ਤੇ ਨਾਹਰਾ ਅਸੀਂ ਜੁ ਇਹ ਅਪਣਾਇਐ।
ਅਰਥ ਏਸਦੇ ਦੱਸਣੇ ਸਾਡਾ ਮੂਲ-ਫਰਜ਼ ਬਣ ਆਇਐ।

ਏਸ ਅਰਥ ਨੂੰ ਕੱਢੋ ਦਿਲ 'ਚੋਂ ਗਲਤੀ ਏਹ ਇਕ ਭਾਰੀ—
ਕਿ ਹਥਿਆਰ-ਬੰਦ ਅੰਦੋਲਨ, ਸਦਾ ਰਹੇਗਾ ਜਾਰੀ।

ਨਾਲ ਸਮੇਂ ਦੇ ਨਾਹਰੇ ਦੇ ਅਰਥਾਂ ਨੇ ਪਲਟਾ ਖਾਧਾ।
ਇੰਝ ਇਹਦੀ ਪ੍ਰਤਿਭਾ ਵਿਚ ਹੈ; ਹੋਰ ਹੋ ਗਿਆ ਵਾਧਾ।

ਵਿਆਕਰਣ ਤੇ ਸ਼ਬਦ-ਕੋਸ਼ ਦਾ ਲੈ ਕੇ ਤੁਸੀਂ ਸਹਾਰਾ।
ਬੇਸ਼ੱਕ ਆਖੋ ਠੀਕ ਨਹੀਂ ਜਾਂ ਸੱਚਾ ਨਹੀਂ ਏਹ ਨਾਹਰਾ।

ਪਰ ਜੇ ਤੁਸੀਂ ਧਿਆਨ ਨਾਲ ਇਸ ਨਾਹਰੇ ਤਾਈਂ ਤਕਦੇ।
ਤਾਂ ਇਸਦੇ ਪਿਆਰੇ ਅਰਥਾਂ ਨੂੰ ਵੱਖ ਨਹੀਂ ਕਰ ਸਕਦੇ।

'ਜ਼ਿੰਦਾਬਾਦ ਜਤਿਨ ਦਾਸ' ਜੇ ਕਹਿੰਦੇ ਅਸੀਂ ਪੁਕਾਰ
ਇਸ ਯੋਧੇ ਦੇ ਉਸ ਜਜ਼ਬੇ ਦਾ ਕਰੀਏ ਤਦ ਸਤਿਕਾਰ,

ਜਿਸ ਜਜ਼ਬੇ ਨੇ ਉਸ ਮਾਨਵ ਨੂੰ ਇਸ ਦੇ ਯੋਗ ਬਣਾਇਆ।
ਕਿ ਤਕਲੀਫਾਂ ਸਹਿ ਵੀ ਉਸ ਨੇ ਮੱਥੇ ਵੱਟ ਨਾ ਪਾਇਆ।

ਚਾਹੀਏ, ਉੱਚਾ ਰਹੇ ਹਮੇਸ਼ਾਂ, ਜਜ਼ਬਾ ਓਹੋ ਅਦੁੱਤੀ।
ਜਿਸ ਦੇ ਸਦਕਾ ਉਠ ਖਲੋਤੀ, ਪਈ ਮਨੁੱਖਤਾ ਸੁੱਤੀ।

ਜਜ਼ਬਾ ਏਹ ਅਜਿੱਤ ਏਸ ਦੀ, ਜੈ ਜੈ ਕਾਰ ਬੁਲਾਈਏ।
ਸਦਾ ਬੁਲੰਦ ਰਹੇ ਇਹ ਨਾਹਰਾ, ਏਹੀਓ ਦਿਲ 'ਚੋਂ ਚਾਹੀਏ।

ਇਹ ਜਜ਼ਬਾ ਹੈ ਰੱਖਣਾ ਜੀਉਂਦਾ, ਬੇਸ਼ੱਕ ਜੀਈਏ ਮਰੀਏ।
ਦਿਲ ਦਾ ਸਭ ਸਤਿਕਾਰ ਏਸ ਦੇ, ਅੱਗੇ ਅਰਪਣ ਕਰੀਏ।

'ਇਨਕਲਾਬ' ਦੇ ਅਰਥਾਂ ਵੱਲ ਨੂੰ, ਆਓ ! ਹੁਣ ਹਾਂ ਆਉਂਦੇ।
ਸ਼ਬਦ-ਕੋਸ਼ ਦੇ ਅਰਥ ਨਾ ਕਾਫ਼ੀ, ਥੋਨੂੰ ਹਾਂ ਸਮਝਾਉਂਦੇ।

ਜਿਹੜੇ ਲੋਕੀ ਇਸ ਨਾਹਰੇ ਨਾਲ, ਦਿਲੀ ਪ੍ਰੀਤਾਂ ਪਾਉਂਦੇ।
ਜੇ ਗਾਉਂਦੇ ਉਹ ਅਲਬੇਲੇ ਤਾਂ, 'ਇਨਕਲਾਬ' ਹੀ ਗਾਉਂਦੇ।
ਇੰਝ ਇਸ ਅੱਖਰ ਨਾਲ ਜੁੜਦੀਆਂ, ਉਨ੍ਹਾਂ ਦੀਆਂ ਅਦਾਵਾਂ।
ਉਨ੍ਹਾਂ ਦੇ ਸੰਦੇਸ਼ ਵੰਡਦੀਆਂ, ਯੁੱਗਾਂ ਤੀਕ ਹਵਾਵਾਂ।

ਸਾਡੀ ਨਜ਼ਰੇ ਨਾਹਰਾ ਸਾਡਾ, ਹੈ ਹਮਜੋਲੀ-ਮਿੱਤਰ।
ਆਜ਼ਾਦੀ ਦੇ ਸ਼ਬਦ-ਕੋਸ਼ ਦਾ, ਲਫਜ਼ ਹੈ ਪਾਕ-ਪਵਿੱਤਰ।

ਜੇਕਰ ਤੁਸੀਂ ਧਿਆਨ ਨਾਲ, ਪੜ੍ਹ ਲੈਂਦੇ ਬਿਆਨ ਅਸਾਂ ਦਾ।
ਇਸ ਨਾਹਰੇ ਦਾ ਅਰਥ ਸੁਨਿਹਰੀ, ਸਮਝ ਤੁਹਾਨੂੰ ਆਂਦਾ।

'ਇਨਕਲਾਬ' ਦੇ ਫੁੱਲ ਦੀ ਆਪਣੀ, ਵੱਖਰੀ ਹੈ ਇਕ ਰੰਗਤ।
ਹਰ ਵੇਲੇ ਹਥਿਆਰਾਂ ਨਾਲ ਨਾ ਏਹ ਹੋ ਸਕੇ ਸੰਬੰਧਤ।

ਬੰਬ, ਪਿਸਤੌਲ ਇਕੱਲੇ ਨਹੀਓਂ 'ਇਨਕਲਾਬ' ਅਖਵਾਉਂਦੇ।
ਬਲਕਿ ਇਹ ਤਾਂ ਉਸ ਟੀਸੀ ਦਾ, ਰਾਹ ਕੇਵਲ ਦਿਖਲਾਉਂਦੇ।

ਕਈ ਲਹਿਰਾਂ ਦੀ ਜਿੱਤ 'ਚ ਭਾਵੇਂ ਖਾਸ ਇਹ ਹਿੱਸਾ ਪਾਵਣ।
ਪਰ ਸਾਧਨ, ਸਾਧਨ ਹੀ ਹੁੰਦੇ, ਮੰਜ਼ਲ ਨਾ ਅਖਵਾਵਣ।

'ਬਗਾਵਤ' ਨੂੰ 'ਇਨਕਲਾਬ' ਆਖਣਾ, ਗਲਤੀ ਇਹ ਤੁਸਾਂ ਦੀ।
ਮੰਨੀਏ ਅਕਸਰ 'ਇਨਕਲਾਬ' 'ਚ, ਬਦਲ ਬਗ਼ਾਵਤ ਜਾਂਦੀ।

ਇਸ ਨਾਹਰੇ ਦੇ ਰਾਹੀਂ ਕਰੀਏ, ਅਸੀਂ ਇਹ ਭਾਵ ਉਜਾਗਰ—
'ਭਾਰਤ ਚੋਂ ਕੁਰਬਾਨੀ ਦਾ ਕੋਈ ਵਹੇ ਅਦੁੱਤੀ-ਸਾਗਰ।

ਤਾਨ ਸੁਰੀਲਾ ਛਿੜੇ ਆਜ਼ਾਦੀ ਜਾਏ ਮਾਨੁੱਖਤਾ ਕੀਲੀ।
ਜਾਗਣ ਹਿੰਦੀ ਨੀਂਦ-ਵਿਗੁੱਤੇ, ਚਾਹੀਏ ਇਹ ਤਬਦੀਲੀ।

ਕਈ ਵਾਰ ਜਦ ਚਲਦਾ ਚਲਦਾ ਰੁਕ ਜਾਏ ਜੀਵਨ-ਪਾਣੀ।
ਬੋ ਆਵੇ ਸੜਿਹਾਂਦ ਦੀ, ਭੁੱਲੇ ਖ਼ੁਸ਼ਬੋ-ਜਾਚ-ਸੁਹਾਣੀ।

ਜਾਵਣ ਟੁੱਟ ਮੁਹੱਬਤ-ਤੰਦਾਂ, ਉਲਝੇ ਜੀਵਨ-ਤਾਣੀ।
ਵਿਸਰ ਜਾਵੇ ਲੋਕਾਂ ਤਾਈਂ ਜੀਵਨ-ਕਵਿਤਾ ਗਾਣੀ।

ਲੋਕਾਂ ਨੂੰ ਅਟਕਾ ਐਸਾ ਜਦ, ਫਨੀਅਰ ਬਣਕੇ ਡੰਗੇ।
ਤਦੋਂ ਸਮਾਂ ਹਰ ਮਾਨਵ ਪਾਸੋਂ, ਧਾਹੀਂ ਰੋ ਇਹ ਮੰਗੇ—

ਕਿ ਜੀਵਨ ਦੇ ਗਲ ਚਿੰਬੜਿਆ, ਜੰਜਾਲ ਤੋੜਨੇ ਖਾਤਰ;
ਜੀਵਨ-ਮੰਚ ਉੱਤੇ ਉਸ ਵੇਲੇ, ਲੋੜੀਂਦੇ ਕੁਝ ਪਾਤਰ;
ਸਮਝਣ; ਘੋਖਣ; ਸੁੱਤਿਆਂ, ਤਾਈਂ ਜਿਹੜੇ ਦੇਣ ਹਿਲੂਣਾ।
ਮਹਿਕਣ ਲੱਗੇ ਜਿਸ ਨਾਲ ਵਾਯੂ-ਮੰਡਲ ਪਿਆਰ-ਵਿਹੂਣਾ।

ਜੇਕਰ ਐਸੀ ਹਰਕਤ ਦੀ ਕੋਈ, ਲੋੜ ਨਾ ਸਮਝੀ ਜਾਵੇ।
ਤਾਂ ਮਾਨਵ ਦੇ ਚਿਹਰੇ 'ਤੇ ਬਰਬਾਦੀ ਕਾਲਖ ਛਾਵੇ।

ਬੇਸਮਝੀ ਤੇ ਗੁਮਰਾਹੀ ਦੇ ਬੱਦਲ ਤਦ ਮੰਡਲਾਉਂਦੇ।
ਜੀਵਨ ਦੀਆਂ ਸੂਰਜੀ-ਕਿਰਣਾਂ ਨੂੰ ਜੋ ਡੱਕਾਂ ਲਾਉਂਦੇ।

ਇਸ ਕਾਲਖ਼ ਦੀ ਓਟ 'ਚ ਮੌਕਾ-ਤਾੜੂ ਝਪਟ ਚਲਾਵਣ।
ਉੱਚੇ ਸੁੱਚੇ ਜਜ਼ਬਿਆਂ ਨੂੰ ਜੋ ਪੁੱਠੇ ਰਾਹ ਲੈ ਜਾਵਣ।

ਧੁੰਦਲੇ ਵਾਤਾਵਰਣ 'ਚ ਅਸਲੀ, ਮਾਰਗ ਨਜ਼ਰ ਨਾ ਆਵੇ।
ਐਸਾ ਮੌਕਾ ਜੀਵਨ ਸਾਹਵੇਂ ਪ੍ਰਸ਼ਨ-ਚਿੰਨ ਬਣ ਜਾਵੇ।

ਹਾਲਤ ਵਿੱਚ ਤਬਦੀਲੀ ਓਦੋਂ ਬਣਜੇ ਅਤੀ ਲੁੜੀਂਦੀ।
'ਤਾਂ ਜੁ ਮਾਨਵਤਾ ਦੀ ਰੂਹ ਜੋ ਦੁੱਖਾਂ ਵਿੱਚ ਪੀੜੀਂਦੀ;

ਜੀਵਨ-ਬਾਗ਼ੋਂ ਉਸਦਾ ਰੰਗਲਾ ਬੂਟਾ ਪੁੱਟ ਨਾ ਜਾਵੇ;
ਕਾਲਖ਼ ਟਿੱਕਾ ਓਸ ਯੁੱਗ ਦੇ, ਮੱਥੇ ਨਾ ਲੱਗ ਜਾਵੇ;

ਵਹਿੰਦੇ ਜੀਵਨ-ਰੁੱਖ ਦੇ ਅੱਗੇ ਨਾ ਕੋਈ ਰੋੜਾ ਅਟਕੇ,
ਅਰਥ-ਹੀਣ ਹੋ ਜਾਵਣ, ਭੈੜੇ-ਤੱਤ ਤੂਫ਼ਾਨੀ ਝਟਕੇ;

ਤੇ ਇੰਝ ਮਾਨਵ-ਰਸੀਆਂ ਦਾ ਇਕ ਰਹੇ ਕਾਫ਼ਲਾ ਚਲਦਾ।
ਰਾਹ ਜਿਸਦਾ ਰੁਸ਼ਨਾਉਂਦਾ ਰਹਿਸੀ, ਸੱਚ ਦਾ ਦੀਪਕ ਬਲਦਾ।'

ਵੈਸੇ ਵੀ ਹੈ ਯੁੱਗਾਂ ਤੋਂ, ਇਹ ਚਲਦੀ ਰਹੀ ਕਹਾਣੀ।
ਨਵੀਂ ਸੋਚ ਦੇ ਜਨਮ ਲੈਂਦਿਆ, ਮੁੱਕੇ ਸੋਚ ਪੁਰਾਣੀ।

ਸਮਝ ਗਏ ਹੋਵੋਗੇ ਕਿਉਂ ਇਹ ਨਾਹਰਾ ਅਸੀਂ ਲਗਾਇਆ।
ਮਤਲਬ ਕੱਢਕੇ ਪੁੱਠਾ ਜਿਸਦਾ, ਤੁਸੀਂ ਮਖ਼ੌਲ ਉਡਾਇਆ।

ਇਸ ਨਾਹਰੇ ਦੇ ਅਰਥ ਨੇ ਸੱਚੀ ਜੀਵਨ-ਜਾਚ ਸਿਖਾਉਂਦੇ।
ਤਾਹੀਓਂ ਇਸਦੇ ਹੱਕ 'ਚ ਆਪਣੀ ਅਸੀਂ ਆਵਾਜ਼ ਉਠਾਉਂਦੇ।"

(ਸੁਰਿੰਦਰ ਧੰਜਲ)

# ਸਿਆਸੀ ਕਾਰਕੁਨ ਨੌਜੁਆਨਾਂ ਨੂੰ ਸੰਦੇਸ਼

(ਭਗਤ ਸਿੰਘ 2 ਫਰਵਰੀ 1931)

(ਨੌਜਵਾਨ ਪੰਜਾਬੀ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਦੀ ਯਾਦ ਹਰ ਵਰ੍ਹੇ, ਕਿਸੇ ਨਾ ਕਿਸੇ ਰੂਪ ਵਿੱਚ ਲੋਕਾਂ ਦੇ ਮਨਾਂ ਵਿੱਚ ਤਾਜ਼ੀ ਹੁੰਦੀ ਰਹਿੰਦੀ ਹੈ। ਪੰਜਾਬੀ ਦੇ ਪਰਚੇ ਅਖਬਾਰਾਂ ਉਨ੍ਹਾਂ ਦੀ ਯਾਦ ਵਿਚ ਲੇਖ ਤੇ ਹੋਰ ਰਚਨਾਵਾਂ ਛਾਪਦੇ ਹਨ। ਵੱਖਰੀਆਂ ਵੱਖਰੀਆਂ ਸੰਸਥਾਵਾਂ ਉਹਨਾਂ ਦੀ ਯਾਦ ਵਿੱਚ ਸਮਾਗਮ ਕਰਦੀਆਂ ਹਨ।

ਇਸ ਵਰ੍ਹੇ ਵੈਨਕੂਵਰ ਤੇ ਆਸ-ਪਾਸ ਦੇ ਪੰਜਾਬੀਆਂ ਨੇ ਆਪਣੇ ਆਪ ਨੂੰ ਸ਼ਹੀਦ ਦੇ ਹੋਰ ਵੀ ਨੇੜੇ ਪਾਇਆ ਕਿਉਂਕਿ ਇਸ ਵਾਰ ਉਹਨਾਂ ਦੀ ਭੈਣ ਪ੍ਰਕਾਸ਼ ਕੌਰ ਵੈਨਕੂਵਰ ਆਏ ਹੋਏ ਸਨ। ਲੋਕ ਹਜ਼ਾਰਾਂ ਦੀ ਗਿਣਤੀ ਵਿੱਚ ਵੈਨਕੂਵਰ ਦੇ ਵੱਡੇ ਗੁਰਦਵਾਰੇ ਸ਼ਹੀਦ ਨੂੰ ਸ਼ਰਧਾਂਜਲੀ ਪੇਸ਼ ਕਰਨ ਲਈ ਪਹੁੰਚੇ। ਇਹ ਬਹੁਤ ਚੰਗੀ ਗੱਲ ਹੈ ਕਿ ਪੰਜਾਬੀ ਸਿਰਫ ਕੁਰਬਾਨੀਆਂ ਕਰਨੀਆਂ ਹੀ ਨਹੀਂ ਜਾਣਦੇ ਆਪਣੇ ਸ਼ਹੀਦਾਂ ਦਾ ਆਦਰ ਵੀ ਕਰਨਾ ਜਾਣਦੇ ਹਨ।

ਜਿੰਨਾਂ ਕੁਝ ਵੀ ਭਗਤ ਸਿੰਘ, ਊਧਮ ਸਿੰਘ, ਕਰਤਾਰ ਸਿੰਘ ਤੇ ਹੋਰ ਅਣਗਿਣਤ ਸ਼ਹੀਦਾਂ ਦੀ ਯਾਦ ਵਿੱਚ ਕੀਤਾ ਜਾਵੇ ਥੋੜਾ ਹੈ। ਪਰ ਸਾਨੂੰ ਇਸ ਗੱਲ ਤੋਂ ਹਮੇਸ਼ਾ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਅਸੀਂ ਧਾਰਮਿਕ ਸ਼ਰਧਾ ਨਾਲ ਉਹਨਾਂ ਨੂੰ ਯਾਦ ਕਰਦੇ ਕਰਦੇ ਉਹਨਾਂ ਦੇ ਆਸ਼ਿਆਂ ਨੂੰ ਨਾ ਭੁੱਲ ਜਾਈਏ। ਸਾਨੂੰ ਹਰ ਵਾਰ ਆਪਣੇ ਆਪ ਨੂੰ ਇਹ ਸਵਾਲ ਕਰਨਾ ਚਾਹੀਦਾ ਹੈ ਕਿ ਭਗਤ ਸਿੰਘ ਨੇ ਕੁਰਬਾਨੀ ਕਿਸ ਮਕਸਦ ਲਈ ਕੀਤੀ ਸੀ? ਕੀ ਜੋ ਕੁੱਝ ਉਹ ਚਾਹੁੰਦਾ ਸੀ ਜਾਂ ਚਿਤਵਦਾ ਸੀ ਉਹ ਸੱਭ ਪੂਰਾ ਹੋ ਚੁੱਕਾ ਹੈ? ਕੀ ਉਹਦੀ ਸ਼ਹਾਦਤ ਦਾ ਨਿਸ਼ਾਨਾ ਭਾਰਤ ਵਿਚੋਂ ਸਿਰਫ ਅੰਗਰੇਜ਼ਾਂ ਨੂੰ ਬਾਹਰ ਕੱਢਣ ਤੱਕ ਹੀ ਸੀਮਤ ਸੀ? ਸਾਨੂੰ ਇਨ੍ਹਾਂ ਸਮਾਗਮਾਂ ਵਿੱਚ, ਲੇਖਾਂ ਵਿੱਚ, ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ ਜੋ ਕੁਝ ਭਾਰਤ ਵਿੱਚ ਅੱਜ ਵਾਪਰ ਰਿਹਾ ਹੈ ਜੇ ਭਗਤ ਸਿੰਘ ਜਿਊਂਦਾ ਹੁੰਦਾ ਤਾਂ ਉਹ ਇਸ ਹਾਲਾਤ ਬਾਰੇ ਕੀ ਸੋਚਦਾ?

ਸ਼ਹੀਦ ਭਗਤ ਸਿੰਘ ਤੇ ਉਹਦੇ ਸਾਥੀਆਂ ਨੂੰ ਅਸਲੀ ਸ਼ਰਧਾਂਜਲੀ ਉਦੋਂ ਹੀ ਹੋ ਸਕਦੀ ਹੈ ਜਦੋਂ ਅਸੀਂ ਉਹਦੀ ਯਾਦ ਦੇ ਬਹਾਨੇ ਇਕੱਠੇ ਹੋ ਕੇ ਅੱਜ ਦੇ ਹਾਲਾਤ ਬਾਰੇ ਸੋਚੀਏ।

ਸ਼ਹੀਦਾਂ ਦੀ ਯਾਦ ਵਿੱਚ ਵਤਨੋਂ-ਦੂਰ ਵਸੇ ਇੰਡੀਆ ਪਾਠਕ ਲਈ ਅਸੀਂ ਭਗਤ ਸਿੰਘ ਦਾ ਲਿਖਿਆ ਸਿਆਸੀ ਨੌਜਵਾਨਾਂ ਦੇ ਨਾਂ ਸੰਦੇਸ਼ ਪੇਸ਼ ਕਰ ਰਹੇ ਹਾਂ।)

ਸੰਪਾਦਕ

ਪਿਆਰੇ ਸਾਥੀਓ,

ਇਸ ਸਮੇਂ ਸਾਡਾ ਅੰਦੋਲਨ ਬਹੁਤ ਅਹਿਮ ਹਾਲਤਾਂ ਵਿਚੋਂ ਦੀ ਲੰਘ ਰਿਹਾ ਹੈ। ਇਕ ਸਾਲ ਦੇ ਸਖਤ ਸੰਗਰਾਮ ਬਾਅਦ ਗੋਲ ਮੇਜ਼ ਕਾਨਫਰੰਸ ਨੇ ਸਾਡੇ ਸਾਹਮਣੇ ਵਿਧਾਨ ਵਿਚ ਕੁਝ ਨਿਸਚਿਤ ਗੱਲਾਂ ਪੇਸ਼ ਕੀਤੀਆਂ ਹਨ ਅਤੇ ਕਾਂਗਰਸੀ ਨੇਤਾਵਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਵਿਧਾਨ ਦੀ ਤਿਆਰੀ ਵਿਚ ਹੱਥ ਵਟਾਉਣ। ਇਹ ਗੱਲ ਸਾਡੇ ਲਈ ਬਹੁਤ ਅਹਿਮ ਨਹੀਂ ਹੈ ਕਿ ਕਾਂਗਰਸ ਦੇ ਆਗੂ ਇਸ ਹਾਲਾਤ ਵਿਚ ਅੰਦੋਲਨ ਨੂੰ ਬੰਦ ਕਰਨ ਦੇ ਹੱਕ ਵਿਚ ਫੈਸਲਾ ਕਰਦੇ ਹਨ ਜਾਂ ਉਸ ਦੇ ਉਲਟ। ਇਹ ਤਾਂ ਨਿਸਚਿਤ ਹੈ ਕਿ ਵਰਤਮਾਨ ਅੰਦੋਲਨ ਦਾ ਅੰਤ ਕਿਸੇ ਨਾ ਕਿਸੇ ਤਰ੍ਹਾਂ ਦੇ ਸਮਝੌਤੇ ਦੇ ਰੂਪ ਵਿਚ ਹੋਵੇਗਾ। ਇਹ ਦੂਸਰੀ ਗੱਲ ਹੈ ਕਿ ਸਮਝੌਤਾ ਜਲਦੀ ਹੀ ਹੋ ਜਾਵੇ ਜਾਂ ਦੇਰ ਨਾਲ ਹੋਵੇ।

## ਸਮਝੌਤਾ ਕੀ ਹੈ ?

ਅਸਲ ਵਿਚ ਸਮਝੌਤਾ ਕੋਈ ਇਜੇਹੀ ਨਫਰਤ ਜਾਂ ਨਿੰਦਣ ਯੋਗ ਚੀਜ਼ ਨਹੀਂ, ਜਿਸ ਤਰ੍ਹਾਂ ਕਿ ਅਸੀਂ ਆਮ ਤੌਰ ਤੇ ਸਮਝਦੇ ਹਾਂ। ਇਹ ਰਾਜਨੀਤਕ ਸੰਗਰਾਮਾਂ ਦਾ ਇਕ ਅਤਿ ਜ਼ਰੂਰੀ ਅੰਗ ਹੈ। ਕੋਈ ਵੀ ਜਾਤੀ ਜੋ ਕਿਸੇ ਅੱਤਿਆਚਾਰੀ ਰਾਜ ਦੇ ਵਿਰੁਧ ਖੜੀ ਹੋਵੇ, ਆਪਣੀ ਲੰਮੀ ਜਦੋਜਹਿਦ ਦੇ ਮਧਕਾਲ ਵਿਚ ਇਸ ਤਰ੍ਹਾਂ ਦੇ ਸਮਝੌਤੇ ਨਾਲ ਨਿਗਾਰੀ ਸੁਧਾਰ ਕਰ ਲਵੇ ਅਤੇ ਆਪਣੀ ਜਦੋਜਹਿਦ ਦੀ ਆਖਰੀ ਮੰਜ਼ਿਲ ਤਕ ਪਹੁੰਚਦੇ ਪਹੁੰਚਦੇ ਆਪਣੀ ਤਾਕਤ ਨੂੰ ਇਕਮੁੱਠ ਤੇ ਪੱਕਾ ਕਰ ਲਵੇ ਕਿ ਦੁਸ਼ਮਨ ਉੱਤੇ ਉਸ ਦਾ ਆਖਰੀ ਹਮਲਾ ਇੰਨਾ ਜ਼ੋਰਦਾਰ ਹੋਵੇ ਕਿ ਰਾਜ ਪਰਬੰਧ ਦੀਆਂ ਤਾਕਤਾਂ ਉਨ੍ਹਾਂ ਦੀ ਇਸ ਰਾਗ ਸਾਹਮਣੇ ਖੇਰੂੰ ਖੇਰੂੰ ਹੋ ਜਾਣ। ਇਸ ਤਰ੍ਹਾਂ ਵੀ ਹੋ ਸਕਦਾ ਹੈ ਕਿ ਉਸ ਵੇਲੇ ਵੀ ਦੁਸ਼ਮਣ ਨਾਲ ਕੋਈ ਸਮਝੌਤਾ ਕਰ ਲੈਣਾ ਪਏ, ਇਹ ਗੱਲ ਰੂਸ ਦੀ ਮਿਸਾਲ ਤੋਂ ਚੰਗੀ ਤਰ੍ਹਾਂ ਸਪੱਸ਼ਟ ਹੋ ਜਾਂਦੀ ਹੈ।

1905 ਵਿਚ ਰੂਸ ਵਿਚ ਕ੍ਰਾਂਤੀ ਦੀ ਲਹਿਰ ਉੱਠੀ ਤਾਂ ਕ੍ਰਾਂਤੀਕਾਰੀ ਨੇਤਾਵਾਂ ਨੂੰ ਢੇਰ ਸਾਰੀਆਂ ਉਮੀਦਾਂ ਸਨ। ਲੈਨਿਨ ਉਸ ਵੇਲੇ ਵਿਦੇਸ਼ ਤੋਂ ਵਾਪਸ ਆਏ ਸਨ। ਜਿਥੇ ਉਹ ਪਹਿਲਾਂ ਦੌੜ ਕੇ ਚਲੇ ਗਏ ਸਨ ਅਤੇ ਸਾਰੇ ਅੰਦੋਲਨ ਨੂੰ ਚਲਾ ਰਹੇ ਸਨ। ਲੋਕਾਂ ਨੇ ਕੋਈ ਦਰਜਨ ਕੁ ਜ਼ਿਮੀਦਾਰਾਂ ਨੂੰ ਮਾਰ ਦਿਤਾ ਸੀ। ਪਰ ਇਹ ਕ੍ਰਾਂਤੀ ਸਫਲ ਨਾ ਹੋਈ। ਉਸ ਦਾ ਇਹ ਨਤੀਜਾ ਜ਼ਰੂਰ ਹੋਇਆ ਕਿ ਸਰਕਾਰ ਕੁਝ ਸੁਧਾਰ ਕਰਨ ਲਈ ਮਜਬੂਰ ਹੋ ਗਈ ਅਤੇ ਡੀਊਮਾਂ (ਰੂਸੀ ਪਾਰਲੀਮੈਂਟ) ਦੀ ਸਥਾਪਨਾ ਕੀਤੀ ਗਈ। ਉਸ ਸਮੇਂ ਲੈਨਿਨ ਨੇ ਡੀਊਮਾਂ ਵਿਚ ਜਾਣ ਦੀ ਹਮਾਇਤ ਕੀਤੀ, ਜਿਸ ਦੇ ਅਧਿਕਾਰ ਬਹੁਤ ਘੱਟ ਕਰ ਦਿਤੇ ਗਏ ਸਨ। ਇਸ ਦਾ ਕਾਰਨ ਇਹ ਸੀ ਕਿ ਉਹ ਡੀਊਮਾ ਨੂੰ ਆਪਣੇ ਅੰਦੋਲਨ ਦਾ ਇਕ ਪਲੇਟ ਫਾਰਮ ਬਨਾਉਣਾ ਚਾਹੁੰਦੇ ਸਨ।

ਇਸ ਤਰ੍ਹਾਂ 1917 ਤੋਂ ਬਾਅਦ ਜਦ ਜਰਮਨੀ ਨਾਲ ਰੂਸ ਦੀ ਸੰਧੀ ਦਾ ਸਵਾਲ ਪੈਦਾ ਹੋਇਆ ਤਾ ਲੈਨਿਨ ਤੋਂ ਬਿਨਾਂ ਸਾਰੇ ਇਸ ਸੰਧੀ ਦੇ ਵਿਰੁਧ ਸਨ। ਪਰ ਲੈਨਿਨ ਨੇ ਕਿਹਾ, 'ਅਮਨ, ਅਮਨ ਤੇ ਫੇਰ ਅਮਨ, ਕਿਸੇ ਵੀ ਕੀਮਤ ਤੇ ਹੋਵੇ, ਅਮਨ ਹੋਣਾ ਚਾਹੀਦਾ ਹੈ। ਇਥੋਂ ਤਕ ਕਿ ਜੇ ਸਾਨੂੰ ਰੂਸ ਦੇ ਕੁਝ ਹਿੱਸੇ ਜਰਮਨ ਜੰਗਬਾਜ਼ਾਂ ਨੂੰ ਦੇਣੇ ਪੈਣ ਤਾਂ ਵੀ ਕਰ ਲੈਣਾ ਚਾਹੀਦਾ ਹੈ।' ਉਸ ਵੇਲੇ ਕੁਝ ਬਾਲਸ਼ਵਿਕ ਆਗੂਆ ਨੇ ਵੀ ਉਹਨਾਂ ਦੀ ਇਸ ਨੀਤੀ ਦਾ ਵਿਰੋਧ ਕੀਤਾ ਤੇ ਉਨ੍ਹਾਂ ਸਾਫ਼ ਕਹਿ ਦਿਤਾ ਕਿ ਇਸ ਵਕਤ ਬਾਲਸ਼ਵਿਕ ਸਰਕਾਰ ਜਰਮਨੀ ਦਾ ਮੁਕਾਬਲਾ ਕਰਨ ਦੇ ਅਯੋਗ ਹੈ ਅਤੇ ਇਸ ਵਕਤ ਸਾਡਾ ਪਹਿਲਾ ਕੰਮ ਲੜਾਈ ਤੋਂ ਲਾਂਭੇ ਹੋ ਕੇ ਆਪਣੀ ਸਰਕਾਰ ਨੂੰ ਮਜਬੂਤ ਕਰਨਾ ਹੈ।

ਜਿਸ ਗੱਲ ਨੂੰ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ, ਉਹ ਇਹ ਹੈ ਕਿ ਸਮਝੌਤਾ ਵੀ ਇਕ ਐਸਾ ਹਥਿਆਰ ਹੈ, ਜਿਸ ਨੂੰ ਸਿਆਸੀ ਜਦੋਜਹਿਦ ਵਿਚ ਪਲ ਪਲ ਤੇ ਵਰਤਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਜਿਸ ਨਾਲ ਇਕ ਸਖਤ ਲੜਾਈ ਤੋਂ ਥੱਕੀ ਹੋਈ ਕੌਮ ਨੂੰ

ਥੋੜੀ ਦੇਰ ਲਈ ਅਰਾਮ ਮਿਲ ਸਕੇ ਅਤੇ ਅਗਾਂਹ ਜੰਗ ਲਈ ਹੋਰ ਵਧੇਰੇ ਤਾਕਤ ਨਾਲ ਤਿਆਰ ਹੋ ਸਕਣ।

ਪਰ ਇਸ ਸਾਰੇ ਸਮਝੌਤੇ ਦੇ ਇਲਾਵਾ ਜਿਸ ਚੀਜ਼ ਨੂੰ ਸਾਨੂੰ ਭੁਲਣਾ ਨਹੀਂ ਚਾਹੀਦਾ—ਉਹ ਹੈ ਸਾਡਾ ਆਦਰਸ਼! ਆਦਰਸ਼-ਹਮੇਸ਼ਾ ਸਾਡੇ ਸਾਹਮਣੇ ਰਹਿਣਾ ਚਾਹੀਦਾ ਹੈ। ਜਿਸ ਮੰਤਵ ਲਈ ਅਸੀਂ ਲੜ ਰਹੇ ਹਾਂ, ਜੇ ਉਸਦਾ ਇਕ ਆਨਾ ਮਿਲ ਜਾਂਦਾ ਹੈ ਤਾਂ ਉਹ ਇਕ ਆਨਾ ਜੇਬ ਵਿਚ ਪਾ ਕੇ ਬਾਕੀ ਪੰਦਰਾਂ ਆਨਿਆਂ ਲਈ ਫਿਰ ਲੜਾਈ ਛੇੜ ਦੇਣੀ ਚਾਹੀਦੀ ਹੈ। ਹਿੰਦੁਸਤਾਨ ਦੇ ਨਰਮ-ਦਲੀਆਂ (ਮਾਡਰੇਟਾਂ) ਦੀ ਜਿਸ ਗਲ ਤੋਂ ਸਾਨੂੰ ਨਫਰਤ ਹੈ, ਉਹ ਹੈ ਕਿ ਉਨ੍ਹਾਂ ਦਾ ਮੰਤਵ ਕੁਝ ਵੀ ਨਹੀਂ ਹੈ। ਉਹ ਇਕ ਆਨੇ ਲਈ ਹੀ ਲੜਦੇ ਹਨ ਅਤੇ ਇਸ ਲਈ ਉਨ੍ਹਾਂ ਨੂੰ ਕੁਝ ਵੀ ਨਹੀਂ ਮਿਲ ਸਕਦਾ।

## ਕਾਂਗਰਸ ਦਾ ਉਦੇਸ਼ ਕੀ ਹੈ?

ਭਾਰਤ ਦਾ ਮੌਜੂਦਾ ਘੋਲ ਦਰਮਿਆਨੇ ਤਬਕੇ ਦੇ ਸਿਰ ਤੇ ਲੜਿਆ ਜਾ ਰਿਹਾ ਹੈ। ਇਸ ਦਰਮਿਆਨੇ ਤਬਕੇ ਦਾ ਆਦਰਸ਼ ਬੜਾ ਮਾਮੂਲੀ ਜਿਹਾ ਹੈ, ਕਾਂਗਰਸ ਸਰਮਾਏਦਾਰਾਂ ਤੇ ਦੁਕਾਨਦਾਰਾਂ ਰਾਹੀਂ ਸਰਕਾਰ ਤੇ ਆਰਥਕ ਦਬਾਅ ਪਾ ਕੇ ਕੁਝ ਅਖ਼ਤਿਆਰ ਲੈ ਲੈਣਾ ਚਾਹੁੰਦੀ ਹੈ। ਪਰ ਜਿਥੋਂ ਤਕ ਦੇਸ਼ ਦੇ ਕਰੋੜਾਂ ਮਜ਼ਦੂਰਾਂ, ਕਿਸਾਨਾਂ ਦਾ ਸੰਬੰਧ ਹੈ, ਇਹਨਾਂ ਦੀ ਬਿਹਤਰੀ ਨਹੀਂ ਹੋ ਸਕਦੀ। ਜੇ ਦਰਮਿਆਨੇ ਤਬਕੇ ਦੀ ਬਜਾਏ ਸਾਰੇ ਦੇਸ਼ ਦੀ ਲੜਾਈ ਲੜਨੀ ਹੈ ਤਾਂ ਮਜ਼ਦੂਰਾਂ, ਕਿਸਾਨਾਂ ਤੇ ਆਮ ਜਨਤਾ ਨੂੰ ਅਗੇ ਲਿਆਉਣਾ ਹੋਵੇਗਾ ਤੇ ਇਨ੍ਹਾਂ ਨੂੰ ਲੜਾਈ ਲਈ ਜਥੇਬੰਦ ਕਰਨਾ ਹੋਵੇਗਾ। ਪਰ ਕਾਂਗਰਸੀ ਲੀਡਰ ਇਹਨਾਂ ਨੂੰ ਅਗੇ ਲਿਆਣ ਲਈ ਕੁਝ ਨਹੀਂ ਕਰਦੇ ਤੇ ਨਾ ਹੀ ਕਰ ਸਕਦੇ ਹਨ। ਕਿਸਾਨਾਂ ਨੂੰ ਬਦੇਸ਼ੀ ਜੂਲੇ ਤੋਂ ਬਿਨਾਂ ਜਗੀਰਦਾਰਾਂ ਦੇ ਜੂਲੇ ਤੋਂ ਵੀ ਮੁਕਤ ਕਰਾਉਣਾ ਹੈ, ਪਰ ਇਹ ਕਾਂਗਰਸ ਦਾ ਆਦਰਸ਼ ਨਹੀਂ। ਇਸ ਲਈ ਮੈਂ ਕਹਿੰਦਾ ਹਾਂ ਕਿ ਕਾਂਗਰਸੀ ਲੀਡਰ ਮੁਕੰਮਲ ਇਨਕਲਾਬ ਨਹੀਂ ਚਾਹੁੰਦੇ, ਬਲਕਿ ਸਰਕਾਰ ਤੇ ਦਬਾਅ ਪਾ ਕੇ ਭਾਰਤ ਦੇ ਸਰਮਾਏਦਾਰਾਂ ਲਈ ਕੁਝ ਰਿਆਇਤਾਂ ਚਾਹੁੰਦੇ ਹਨ। ਮੈਂ ਕਾਂਗਰਸ ਦੀ ਲਹਿਰ ਕਿਸੇ ਨਾ ਕਿਸੇ ਸਮਝੌਤੇ ਦੀ ਸ਼ਕਲ ਵਿਚ ਖ਼ਤਮ ਹੋਵੇਗੀ।

## ਨੌਜਵਾਨਾਂ ਦਾ ਫਰਜ਼

ਇਸ ਹਾਲਤ ਵਿਚ ਨੌਜਵਾਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹਨਾਂ ਲਈ ਸਮਾਂ ਹੋਰ ਵੀ ਸਖ਼ਤ ਆ ਰਿਹਾ ਹੈ। ਉਹਨਾਂ ਨੂੰ ਖ਼ਬਰਦਾਰ ਹੋ ਜਾਣਾ ਚਾਹੀਦਾ ਹੈ—ਕਿਤੇ ਉਹਨਾਂ ਦੀ ਅਕਲ ਚਕਰਾ ਨਾ ਜਾਏ ਜਾਂ ਉਹ ਨਰਾਜ਼ ਨਾ ਹੋ ਬੈਠਣ। ਗਾਂਧੀ ਦੀਆਂ ਦੋ ਲੜਾਈਆਂ ਦਾ ਤਜਰਬਾ ਪ੍ਰਾਪਤ ਕਰ ਲੈਣ ਦੇ ਬਾਅਦ ਮੌਜੂਦਾ ਹਾਲਾਤ ਅਤੇ ਆਪਣੇ ਭਵਿਖ ਦੇ ਪ੍ਰੋਗਰਾਮ ਦੇ ਸੰਬੰਧ ਵਿਚ ਸਾਡੇ ਲਈ ਸਾਫ ਨੀਤੀ ਅਪਨਾਉਣਾ ਬਹੁਤ ਜ਼ਰੂਰੀ ਹੋ ਗਿਆ ਹੈ।

## ਇਨਕਲਾਬ ਜ਼ਿੰਦਾਬਾਦ

ਇਤਨੀ ਵਿਚਾਰ ਕਰ ਲੈਣ ਮਗਰੋਂ ਮੈਂ ਆਪਣੀ ਗੱਲ ਬਿਲਕੁਲ ਸਾਫ਼ ਸ਼ਬਦਾਂ ਵਿਚ ਕਹਿਣਾ ਚਾਹਾਂਗਾ।

ਅਸੀਂ ਲੌਂਗ (Long live revolution) ਭਾਵ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਲਾਉਂਦੇ ਹਾਂ। ਇਹ ਨਾਅਰਾ ਸਾਡੇ ਵਾਸਤੇ ਬਹੁਤ ਪਵਿੱਤਰ ਹੈ ਅਤੇ ਇਸ ਦੀ ਵਰਤੋਂ ਬਹੁਤ ਹੀ ਸੋਚ ਸਮਝ ਕੇ ਕਰਨੀ ਚਾਹੀਦੀ ਹੈ।

ਜਦ ਤੁਸੀਂ ਨਾਅਰਾ ਲਾਉਂਦੇ ਹੋ, ਤਾਂ ਮੈਂ ਸਮਝਦਾ ਹਾਂ, ਤੁਸੀਂ ਅਸਲ ਵਿਚ ਜੋ ਨਾਅਰਾ ਮਾਰਦੇ ਹੋ—ਉਸ ਤੇ ਅਮਲ ਵੀ ਕਰਨਾ ਚਾਹੀਦਾ ਹੈ। ਅਸੈਂਬਲੀ ਬੰਬ ਕੇਸ ਸਮੇਂ ਇਨਕਲਾਬ ਦੀ ਵਿਆਖਿਆ ਕੀਤੀ ਸੀ ਕਿ ਕਰਾਂਤੀ ਤੋਂ ਸਾਡਾ ਭਾਵ ਸਮਾਜ ਦੇ ਮੌਜੂਦਾ ਢੰਗ ਨੂੰ ਅਤੇ ਪ੍ਰਬੰਧ ਨੂੰ ਪੂਰੀ ਤਰ੍ਹਾਂ ਉਖਾੜ ਸੁਟਣਾ ਹੈ। ਇਸ ਉਦੇਸ਼ ਲਈ

## ਆਪਣੇ ਤਾਂ

ਰਤਨ ਸਿੰਘ

ਤੁਸੀਂ ਜੋ ਚੰਗੇ ਖੁਸ਼ ਪੰਛੀ ਨੂੰ
ਉਡਾਰੀ ਦਾ ਸਿਖਰ੍ਹਾ ਮਾਰਦੇ ਹੋ
ਇੱਕ ਪਾਪ ਨੂੰ ਜਨਮ ਦਿੰਦੇ ਹੋ।
ਤੁਹਾਡੇ ਪੁੰਨ
ਪਾਪ ਤੋਂ ਵੱਧ ਵੀ ਕੁਝ ਹੋਰ ਹਨ
ਸਾਡੇ ਪੁੰਨ ਪਾਪ ਤੋਂ ਵਧ ਕੁਝ ਨਹੀਂ।
ਅਸੀਂ ਤਾਂ ਅਜਿਹਾ ਕਦਮ ਨਹੀਂ ਪੁੱਟਦੇ
ਕਿ ਦੁਖਦੀ ਧਰਤੀ
ਕਿਤੇ ਪੁੱਛੇ ਨਾਂ ਚੀਕੇ
ਕਿਸੇ ਪੁੰਨ ਦਾ ਰਿਸ਼ਤਾ।
ਕਿਸੇ ਪਾਪ ਦਾ ਰਿਸ਼ਤਾ।
ਫਿਰ ਵੀ,
ਤੁਹਾਡੇ ਪਿੰਡ ਦੇ ਤਲਾਅ 'ਚ
ਜਿਹੜਾ ਕਮਲ ਉੱਗਿਆ ਹੈ,
ਉਹ ਸਾਡੇ ਪਾਪ ਵਰਗਾ ਹੈ।
ਤੁਹਾਡੇ ਪੁੰਨ ਵਰਗਾ ਹੈ।
ਤੁਹਾਡੇ ਪਿੰਡ ਦੀ ਹਰ ਨਵੀਂ ਸੋਚ
ਜੋ ਤਿੜਕ ਜਾਂਦੀ ਹੈ
ਤਲਾਅ ਤਿੜਕ ਜਾਂਦੀ ਹੈ
ਤੇ
ਫਿਰ ਮੰਨਣਾ ਹੀ ਪੈਂਦਾ ਹੈ
ਤੁਸੀਂ ਕੋਈ ਪੁੰਨ ਨਹੀਂ ਕਰਦੇ
ਤੁਸੀਂ ਕੋਈ ਪਾਪ ਨਹੀਂ ਕਰਦੇ।
ਤੁਸੀਂ ਤਾਂ ਹਰ ਵੇਦ ਦੇ ਮੂੰਹ ਤੇ
ਚੰਡਾ ਫੇਰ ਦਿੰਦੇ ਸਓ।
ਹਰ ਸਵੇਰ ਲੋਅ ਸਵਿੰਦੇ ਨੂੰ
ਤੇ ਪਹਿਚਾਨ ਭੈੜੀ ਹੈ
ਸ਼ੀਸ਼ਾ ਤਿੜਕਦਾ ਦਿਸਦੈ
ਸੁਰ 'ਚ ਜਾਨ ਹੁੰਦੀ ਹੈ।
ਕੋਈ ਨੁਕਤਾ ਲੱਭ ਲਵੀ
ਫਿਰ ਇੱਕ ਪਾਪ ਜਨਮਦੇ ਹੋ,
ਉਸ ਸੱਚ ਵਰਗੇ ਕੂੜ ਦਾ ਕਤਲ ਕਰਦੇ ਹੋ।
ਆਪਣੀ ਇੱਕ ਤੇ ਉਸ ਕਮਜ਼ੋਰੀਆਂ ਪੱਤੀਆਂ
ਜੋ ਸੁੱਕੀਆਂ ਮਾਰ ਛੱਡਦੇ ਹੋ।
ਤੁਹਾਡਾ
ਤਜ਼ਰਬਾ ਸੀ—
ਵਕਤ ਰੁੱਕ ਰੁੱਕ ਕੇ ਚਲਦਾ ਹੈ।
ਅਸੀਂ ਵੀ
ਆਖ ਦਿੰਦੇ ਹਾਂ,
ਚੜ੍ਹਾ ਪਾਣੀ ਕੀ ਕੰਢੇ ਖੋਰ ਸਕਦਾ ਹੈ।
ਤੁਸੀਂ ਜੋ ਚੰਗੇ ਖੁਸ਼ ਪੰਛੀ ਨੂੰ
ਉਡਾਰੀ ਦਾ ਸਿਖਰ੍ਹਾ ਮਾਰਦੇ ਹੋ
ਇੱਕ ਪਾਪ ਨੂੰ ਜਨਮ ਦਿੰਦੇ ਹੋ।।

ਪਹਿਲਾਂ ਅਸੀਂ ਸਰਕਾਰ ਦੀ ਤਾਕਤ ਨੂੰ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੇ ਹਾਂ। ਇਸ ਵੇਲੇ ਰਾਜ-ਪ੍ਰਬੰਧ ਦੀ ਮਸ਼ੀਨ ਅਮੀਰਾਂ ਦੇ ਹੱਥ ਵਿਚ ਹੈ। ਆਮ ਜਨਤਾ ਦੇ ਹਿੱਤਾਂ ਦੀ ਰਖਿਆ ਲਈ ਅਤੇ ਆਪਣੇ ਆਦਰਸ਼ਾਂ ਨੂੰ ਅਮਲੀ ਰੂਪ ਦੇਣ ਲਈ ਅਰਥਾਤ ਸਮਾਜ ਨੂੰ ਨਵੇਂ ਸਿਰੇ ਤੋਂ ਕਾਰਲ ਮਾਰਕਸ ਦੇ ਸਿਧਾਂਤਾਂ ਅਨੁਸਾਰ ਜਥੇਬੰਦ ਕਰਨ ਲਈ ਅਸੀਂ ਸਰਕਾਰ ਦੀ ਮਸ਼ੀਨ ਨੂੰ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੇ ਹਾਂ। ਅਸੀਂ ਇਸੇ ਆਦਰਸ਼ ਲਈ ਲੜ ਰਹੇ ਹਾਂ। ਪਰ ਇਸ ਲਈ ਸਾਨੂੰ ਆਮ ਜਨਤਾ ਨੂੰ ਪੜ੍ਹਾਉਣਾ ਚਾਹੀਦਾ ਹੈ।

## ਵਿਧਾਨ ਦੀ ਕਸੌਟੀ—

ਸਾਡੇ ਲਈ ਹੇਠ ਲਿਖੀਆਂ ਤਿੰਨ ਗੱਲਾਂ ਕਿਸੇ ਵੀ ਰਾਜਨੀਤਿਕ ਵਿਧਾਨ ਦੀ ਪਰਖ ਲਈ ਜ਼ਰੂਰੀ ਹਨ :

(1) ਰਾਜ-ਪ੍ਰਬੰਧ ਦੀ ਜ਼ਿੰਮੇਵਾਰੀ ਕਿਸ ਹੱਦ ਤਕ ਭਾਰਤਵਾਸੀਆਂ ਦੇ ਸਪੁਰਦ ਕੀਤੀ ਜਾਂਦੀ ਹੈ ?

(2) ਰਾਜ-ਪ੍ਰਬੰਧ ਚਲਾਉਣ ਵਾਸਤੇ ਕਿਸ ਤਰ੍ਹਾਂ ਦੀ ਸਰਕਾਰ ਬਣਾਈ ਜਾਂਦੀ ਹੈ ਅਤੇ ਇਸ ਵਿਚ ਹਿੱਸਾ ਲੈਣ ਦਾ ਆਮ ਜਨਤਾ ਨੂੰ ਕਿਥੋਂ ਕੁ ਤਕ ਮੌਕਾ ਮਿਲਦਾ ਹੈ ?

(3) ਭਵਿਖ ਵਿਚ ਉਸ ਤੋਂ ਕੀ ਆਸ ਕੀਤੀ ਜਾ ਸਕਦੀ ਹੈ ? ਉਸ ਤੇ ਕਿਥੋਂ ਤਕ ਰੋਕ ਲਾਈ ਜਾਂਦੀ ਹੈ ?

ਕਿਉਂਕਿ ਭਾਰਤ ਸਰਕਾਰ ਦੀ ਰਾਜ-ਸਭਾ ਅਮੀਰਾਂ ਦੀ ਹੋੜ ਹੈ ਅਤੇ ਲੋਕਾਂ ਨੂੰ ਫਾਹੁਣ ਦਾ ਇਕ ਪਿੰਜਰਾ ਹੈ, ਇਸ ਲਈ ਇਸ ਨੂੰ ਖਤਮ ਕਰਕੇ ਇਕ ਹੀ ਸਭਾ, ਜਿਸ ਵਿਚ ਜਨਤਾ ਦੇ ਨੁਮਾਇੰਦੇ ਹੋਣ, ਰਖਣੀ ਚਾਹੀਦੀ ਹੈ।

## ਸੂਬਾਈ ਸਵਰਾਜ ਜਾਂ ਸੂਬਾਈ ਜ਼ੁਲਮ ?

ਜਿਸ ਤਰ੍ਹਾਂ ਦੇ ਲੋਕਾਂ ਨੂੰ ਸਾਰੀਆਂ ਤਾਕਤਾਂ ਦਿਤੀਆਂ ਜਾ ਰਹੀਆਂ ਹਨ, ਉਸ ਨਾਲ ਤਾਂ ਸੂਬਾਈ ਸਵਰਾਜ ਨਾਂ ਹੋ ਕੇ ਜ਼ੁਲਮ ਹੋ ਜਾਏਗਾ।

ਇਹਨਾਂ ਸਾਰੀਆਂ ਹਾਲਤਾਂ ਤੇ ਵਿਚਾਰ ਕਰਕੇ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਸਭ ਤੋਂ ਪਹਿਲਾਂ ਸਾਨੂੰ ਸਾਡੀਆਂ ਹਾਲਤਾਂ ਦਾ ਚਿੱਤਰ ਸਪਸ਼ਟ ਤੌਰ ਤੇ ਵੇਖਣਾ ਚਾਹੀਦਾ ਹੈ। ਭਾਵੇਂ ਅਸੀਂ ਮੰਨਦੇ ਹਾਂ ਕਿ ਸਮਝੌਤੇ ਦਾ ਅਰਥ ਕਦੇ ਆਤਮ-ਸਮਰਪਣ ਜਾਂ ਬਦੇਸ਼ੀ ਰਾਜ ਸਵੀਕਾਰ ਕਰਨਾ ਨਹੀਂ, "ਪਰ ਇਕ ਕਦਮ ਅਗੇ ਤੇ ਫਿਰ ਕੁਝ ਅਰਾਮ ਹੈ!" ਪਰ ਨਾਲ ਹੀ ਸਾਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਸਮਝੌਤਾ ਇਸ ਤੋਂ ਵਧ ਹੋਰ ਹੈ ਵੀ ਕੁਝ ਨਹੀਂ। ਇਹ ਆਖ਼ਰੀ ਮੰਤਵ ਅਤੇ ਆਖ਼ਰੀ ਆਰਾਮ ਦੀ ਥਾਂ ਨਹੀਂ ਹੈ।

## ਸਾਡੇ ਆਦਰਸ਼ ਤੇ ਸਾਧਨ—

ਦਲ ਦਾ ਨਾਂ ਸੋਸ਼ਲਿਸਟ ਰੀਪਬਲਿਕਨ ਆਰਮੀ ਹੈ। ਇਸ ਲਈ ਇਸ ਦਾ ਮਕਸਦ ਇਕ ਸੋਸ਼ਲਿਸਟ ਜਾਂ ਕਮਿਊਨਿਸਟ ਸਮਾਜਕ ਸੰਗਠਨ ਦੀ ਸਥਾਪਨਾ ਹੈ। ਕਾਂਗਰਸ ਅਤੇ ਇਸ ਦਲ ਦੇ ਮੰਤਵ ਵਿਚ ਇਹ ਹੀ ਫ਼ਰਕ ਹੈ ਕਿ ਜਦ ਰਾਜਨੀਤਕ ਕਰਾਂਤੀ ਨਾਲ ਰਾਜ ਪ੍ਰਬੰਧ ਦੀ ਸ਼ਕਤੀ ਅੰਗਰੇਜ਼ਾਂ ਦੇ ਹੱਥਾਂ ਵਿਚੋਂ ਨਿਕਲ ਕੇ ਭਾਰਤ ਵਾਸੀਆਂ ਦੇ ਹੱਥ ਵਿਚ ਆ ਜਾਵੇਗੀ ਤਾਂ ਸਾਡਾ ਮੰਤਵ ਰਾਜ ਪ੍ਰਬੰਧ ਨੂੰ ਉਹਨਾਂ ਹੱਥਾਂ ਦੇ ਸਪੁਰਦ ਕਰਨਾ ਹੈ, ਜਿਹਨਾਂ ਦੀ ਮੰਜ਼ਲ ਕਮਿਊਨਿਜ਼ਮ ਹੈ। ਇਸ ਲਈ ਮਜ਼ਦੂਰਾਂ ਤੇ ਕਿਸਾਨਾਂ ਨੂੰ ਜਥੇਬੰਦ ਕਰਨਾ ਜ਼ਰੂਰੀ ਹੈ। ਕਿਉਂਕਿ ਇਨ੍ਹਾਂ ਲੋਕਾਂ ਲਈ ਲਾਰਡ ਰੀਡਿੰਗ ਜਾਂ ਲਾਰਡ ਇਰਵਨ ਦੀ ਥਾਂ ਤੇਜ ਬਹਾਦਰ ਜਾਂ ਪਰਸ਼ੋਤਮ ਦਾਸ ਠਾਕਰ ਦਾਸ ਦੇ ਆ ਜਾਣ ਨਾਲ ਕੋਈ ਫਰਕ ਨਹੀਂ ਪਵੇਗਾ।

## ਪੂਰਨ ਆਜ਼ਾਦੀ—

ਜਦ ਲਾਹੌਰ ਕਾਂਗਰਸ ਨੇ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਸੀ ਤਾਂ ਅਸੀਂ ਇਸ ਨੂੰ ਪੂਰੇ ਦਿਲ ਨਾਲ ਚਾਹੁੰਦੇ ਸਾਂ। ਪਰ ਕਾਂਗਰਸ ਦੇ ਉਸੇ ਇਜਲਾਸ ਵਿਚ ਗਾਂਧੀ ਨੇ



If you are looking for
*Quality
* Quality
* Price
* After sale service when buying your car contact
Kuldip S. Jhand



ਕਿਸੇ ਪਰਕਾਰ ਦੀ ਕਾਰ ਖ਼ਰੀਦਣੀ ਜਾਂ ਟਰੇਡ ਕਰਨੀ ਹੋਵੇ ਤਾਂ ਖ਼ਰੀਦਣ ਤੋਂ ਪਹਿਲਾਂ ਕੁਲਦੀਪ ਝੰਡ ਨੂੰ ਮਿਲੋ ਜਾਂ ਫ਼ੂਨ ਕਰੋ



Office
521-7731
Res. 524-4137
WESTMINSTER CHEVROLET-OLDSMOBILE
12 th Ave. at Queens Ave
New West Minster





ਭਾਰਤੀ ਆਰਟ ਜਿਊਲਰਜ਼
ORIENTAL SILVER AND GOLD JEWELRY REPAIRING
BHARTI ART JEWELLERS
Specialist in East Indian Jewelry Craftware
RASIK PAREKH
Res.: 879-5610
Store: 874-9448
865 Kingsway nr. Fraser
Vancouver B.C., Canada
We Also Take Orders For Marriage Party Photos and Group Photos
Contact Raj

ਕਿਹਾ ਸੀ ਕਿ ਸਮਝੌਤੇ ਦਾ ਦਰਵਾਜ਼ਾ ਹੁਣ ਵੀ ਖੁਲ੍ਹਾ ਹੈ। ਇਸ ਦਾ ਮਤਲਬ ਇਹ ਸੀ ਕਿ ਉਹ ਪਹਿਲਾਂ ਜਾਣਦੇ ਸਨ ਕਿ ਉਨ੍ਹਾਂ ਦੀ ਲੜਾਈ ਦਾ ਅੰਤ ਕਿਸੇ ਨਾ ਕਿਸੇ ਤਰ੍ਹਾਂ ਦੇ ਸਮਝੌਤੇ ਵਿਚ ਹੋਵੇਗਾ। ਉਹ ਪੂਰੇ ਦਿਲ ਨਾਲ ਆਜ਼ਾਦੀ ਦੀ ਘੋਸ਼ਣਾ ਨਹੀਂ ਕਰ ਰਹੇ ਸਨ। ਅਸੀਂ ਇਸ ਨੂੰ ਦਿਲੋਂ ਨਫਰਤ ਕਰਦੇ ਹਾਂ।

ਇਸ ਮਕਸਦ ਲਈ ਸਮਾਜਕ ਤਬਦੀਲੀ ਲਿਆਉਣ ਲਈ ਨੌਜਵਾਨਾਂ ਨੂੰ ਮੈਦਾਨ ਵਿਚ ਨਿਤਰਨਾ ਚਾਹੀਦਾ ਹੈ। ਲੀਡਰ ਤਾਂ ਦੇਸ਼ ਵਿਚ ਪਹਿਲਾਂ ਹੀ ਬਹੁਤ ਹਨ, ਸਾਡੇ ਦਲ ਨੂੰ ਲੀਡਰਾਂ ਦੀ ਜ਼ਰੂਰਤ ਨਹੀਂ। ਜੇ ਤੁਸੀਂ ਦੁਨੀਆਦਾਰ ਹੋ, ਬਾਲ ਬੱਚਿਆਂ ਵਾਲੇ ਹੋ ਤੇ ਗ੍ਰਹਿਸਤ ਵਿਚ ਫਸੇ ਹੋਏ ਹੋ ਤਾਂ ਸਾਡੇ ਰਾਹ ਤੇ ਨਾ ਆਉਣਾ। ਤੁਸੀਂ ਸਾਡੇ ਉਦੇਸ਼ ਨਾਲ ਹਮਦਰਦੀ ਰਖਦੇ ਹੋ ਤਾਂ ਹੋਰ ਤਰੀਕਿਆਂ ਨਾਲ ਸਾਨੂੰ ਮਦਦ ਦਿਉ, ਸਖਤ ਮੁਸ਼ਕਲਾਂ ਵਿਚ ਰਹਿ ਸਕਣ ਵਾਲੇ ਸਾਥੀ ਹੀ ਇਸ ਅੰਦੋਲਨ ਨੂੰ ਅਗਾਂਹ ਖੜ ਸਕਦੇ ਹਨ। ਇਹ ਜ਼ਰੂਰੀ ਨਹੀਂ ਕਿ ਸਾਡੀ ਪਾਰਟੀ ਚੋਰੀ ਛਿਪੇ ਹੀ ਕੰਮ ਕਰੇ। ਸਾਨੂੰ ਨੌਜਵਾਨਾਂ ਲਈ ਅਧਿਐਨ ਕੇਂਦਰ (Study Circle) ਖੋਹਲਣੇ ਚਾਹੀਦੇ ਹਨ। ਪੈਂਫਲਿਟ, ਕਿਤਾਬਚੇ, ਭਾਸ਼ਨਾਂ ਤੇ ਗਲਬਾਤ ਰਾਹੀਂ ਹਰ ਇਕ ਥਾਂ ਤੇ ਸਾਨੂੰ ਆਪਣੇ ਖਿਆਲਾਂ ਦਾ ਪ੍ਰਚਾਰ ਕਰਨਾ ਚਾਹੀਦਾ ਹੈ।


**ਸੈਨਿਕ ਵਿਭਾਗ—**

ਸਾਡੇ ਦਲ ਦਾ ਇਕ ਸੈਨਿਕ ਵਿਭਾਗ ਜ਼ਰੂਰ ਹੋਣਾ ਚਾਹੀਦਾ ਹੈ। ਕਦੀ ਕਦੀ ਇਸ ਦੀ ਬਹੁਤ ਜ਼ਰੂਰਤ ਪੈ ਜਾਂਦੀ ਹੈ। ਇਸ ਬਾਰੇ ਮੈਂ ਆਪਣਾ ਖਿਆਲ ਜ਼ਿਆਦਾ ਸਾਫ ਕਰ ਦੇਣਾ ਚਾਹੁੰਦਾ ਹਾਂ। ਮੈਂ ਜੋ ਕੁਝ ਕਹਿਣਾ ਚਾਹੁੰਦਾ ਹਾਂ, ਉਸ ਵਿਚ ਗਲਤ ਫਹਿਮੀ ਲਈ ਥਾਂ ਨਹੀਂ ਹੈ। ਪਰ ਤੁਸਾਂ ਮੇਰੇ ਸ਼ਬਦਾਂ ਅਤੇ ਵਾਕਾਂ ਦਾ ਕੋਈ ਡੂੰਘਾ ਅਰਥ ਨਾ ਕੱਢਣਾ।

ਇਹ ਗੱਲ ਪ੍ਰਸਿੱਧ ਹੈ ਕਿ ਮੈਂ ਤਸ਼ੱਦਦ ਪਸੰਦ (Terrorist) ਰਿਹਾ ਹਾਂ। ਪਰ ਮੈਂ ਤਸ਼ੱਦਦ ਪਸੰਦ ਨਹੀਂ ਹਾਂ। ਮੈਂ ਇਕ ਕ੍ਰਾਂਤੀਕਾਰੀ ਹਾਂ, ਜਿਸ ਦੇ ਕੁਝ ਨਿਸ਼ਚਿਤ ਵਿਚਾਰ ਅਤੇ ਆਦਰਸ਼ ਹੁੰਦੇ ਹਨ। ਜਿਸ ਦੇ ਸਾਹਮਣੇ ਇਕ ਲੰਮਾ ਪਰੋਗਰਾਮ ਹੈ। ਮੈਨੂੰ ਇਹ ਦੋਸ਼ ਦਿਤਾ ਜਾਵੇਗਾ, ਜਿਵੇਂ ਕਿ ਰਾਮ ਪ੍ਰਸਾਦ ਬਿਸਮਲ ਨੂੰ ਦਿੰਦੇ ਹਨ ਕਿ ਫਾਂਸੀ ਦੀ ਕਾਲ ਕੋਠੜੀ ਵਿਚ ਪਏ ਰਹਿਣ ਨਾਲ ਮੇਰੇ ਵਿਚਾਰਾਂ ਵਿਚ ਵੀ ਕੋਈ ਤਬਦੀਲੀ ਆ ਗਈ ਹੈ. ਪਰ ਇਹੋ ਜਿਹੀ ਗੱਲ ਨਹੀਂ ਹੈ, ਮੇਰੇ ਵਿਚਾਰ ਹੁਣ ਵੀ ਉਹੀ ਹਨ। ਮੇਰੇ ਦਿਲ ਵਿਚ ਹੁਣ ਵੀ ਉਸੇ ਤਰ੍ਹਾਂ ਉਤਸ਼ਾਹ ਹੈ ਅਤੇ ਉਹੀ ਆਦਰਸ਼ ਹੈ ਜੋ ਜੇਲ ਤੋਂ ਬਾਹਰ ਸੀ। ਮੇਰਾ ਇਹ ਪੱਕਾ ਵਿਸ਼ਵਾਸ ਹੈ ਕਿ ਅਸੀਂ ਬੰਬ ਨਾਲ ਕੋਈ ਲਾਭ ਨਹੀਂ ਪ੍ਰਾਪਤ ਕਰ ਸਕਦੇ। ਇਹ ਗੱਲ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਆਰਮੀ ਦੇ ਇਤਿਹਾਸ ਤੋਂ ਸੌਖ ਨਾਲ ਮਲੂਮ ਹੋ ਜਾਂਦੀ ਹੈ। ਬੰਬ ਸੁਟਣਾ ਨਾ ਸਿਰਫ ਬੇਫਾਇਦਾ ਹੈ, ਸਗੋਂ ਬਹੁਤ ਵਾਰੀ ਨੁਕਸਾਨਦੇਹ ਵੀ ਹੈ। ਇਸ ਦੀ ਜ਼ਰੂਰਤ ਕਿਸੇ ਹਾਲਤ ਵਿਚ ਵੀ ਪੈਂਦੀ ਹੈ, ਸਾਡਾ ਮਕਸਦ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਇਕ-ਮੁੱਠ ਕਰਨਾ ਹੈ, ਸੈਨਿਕ ਵਿਭਾਗ ਯੁੱਧ ਦੇ ਸਮਾਨ ਨੂੰ ਕਿਸੇ ਖਾਸ ਮੌਕੇ ਲਈ ਇਕੱਠਾ ਕਰਦਾ ਰਹੇਗਾ।

ਹਾਂ! ਜੇ ਇਸ ਤਰ੍ਹਾਂ ਹੀ ਕੋਸ਼ਿਸ਼ ਕਰਦੇ ਜਾਵਾਂਗੇ, ਤਾਂ ਕਿਤੇ ਜਾ ਕੇ ਸਵਰਾਜ ਦੀ ਪ੍ਰਾਪਤੀ ਜੇ ਇਕ ਸਾਲ ਵਿਚ ਨਹੀਂ ਤਾਂ ਕਿਸੇ ਦਿਨ ਮਹਾਨ ਕੁਰਬਾਨੀ ਅਤੇ ਤਿਆਗ ਦੀ ਸਖਤ ਪਰੀਖਿਆ 'ਚੋਂ ਲੰਘਣ ਬਾਅਦ ਜ਼ਰੂਰ ਜੇਤੂ ਹੋਵਾਂਗੇ।

"ਇਨਕਲਾਬ ਜ਼ਿੰਦਾਬਾਦ!"



## ਸ਼ੋਕ ਸਮਾਚਾਰ

ਵੈਨਕੂਵਰ ਦੀ ਭੰਗੜੇ ਦੀ ਟੀਮ ਦੇ ਮੋਢੀ ਬਲਬੀਰ ਗਿੱਲ 33 ਵਰ੍ਹਿਆਂ ਦੀ ਉਮਰ ਵਿੱਚ ਫਰ-ਵਰੀ ਦੇ ਆਖਰੀ ਹਫ਼ਤੇ ਸਾਨੂੰ ਸਦਾ ਲਈ ਵਿਛੋੜਾ ਦੇ ਗਏ ਹਨ। ਉਹ ਭੰਗੜੇ ਦੇ ਮਾਹਿਰ ਹੋਣ ਦੇ ਨਾਲ ਨਾਲ ਬਹੁਤ ਵਧੀਆ ਗਾਇਕ ਵੀ ਸਨ। ਉਹ ਆਪ ਗੀਤ ਲਿਖਦੇ ਅਤੇ ਗਾਉਂਦੇ ਸਨ। ਉਹਨਾਂ ਦੀ ਕਦੀ ਨਾਂ ਪੂਰੀ ਹੋਣ ਵਾਲੀ ਘਾਟ ਪੰਜਾਬੀ ਕਲਚਰ ਦੇ ਪ੍ਰੇਮੀਆਂ ਨੂੰ ਸਦਾ ਖਟਕਦੀ ਰਹੇਗੀ। ਅਦਾਰਾ ਵਤਨੋਂ ਦੂਰ ਇਸ ਸੋਗ ਮਈ ਸਮੇਂ ਉਨ੍ਹਾਂ ਦੇ ਪਰਿਵਾਰ ਨਾਲ ਇਸ ਦੁੱਖ ਵਿੱਚ ਸਾਮਲ ਹੁੰਦਾ ਹੈ।

ਅਸੀਂ ਹੇਠਾਂ ਉਹਨਾਂ ਦੀ ਯਾਦ ਵਿੱਚ ਵੈਨਕੂਵਰ ਦੀ ਭੰਗੜਾ ਟੀਮ ਦੇ ਮੈਂਬਰ ਮਹਿੰਦਰ ਸੁਮਨ ਵਲੋਂ ਲਿਖੀ ਇੱਕ ਕਵਿਤਾ ਦੇ ਰਹੇ ਹਾਂ।



ਵੇ ਕਿਉਂ ਸਾਨੂੰ ਜਾਣ ਲੱਗਾ ਤੂੰ
ਦੇਗੀਆਂ ਗਮ ਪ੍ਰਾਹੁਣੀਆਂ
ਅੱਖੀਆਂ ਹੰਝੂ ਮੂੰਹ ਤੇ ਚੁੱਪਾਂ
ਹੌਕੇ ਪੀੜ ਦੁਹਾਈਆਂ
ਸਿਖਰ ਦੁਪਿਹਰੇ ਤੂੰ ਤੁਰ ਚੱਲਿਆ
ਯਾਦ ਤੇਰੀ ਨਹੀਂ ਜਾਂਦੀ
ਮਨ ਸਾਗਰ ਚੋਂ ਉੱਠੀਆਂ ਪੀੜਾਂ
ਤੇਰੀਆਂ ਨਾਂ ਕੁਰਲਾਈਆਂ
ਤੈਨੂੰ ਆਪਣੇ ਮਰਜਾਣੇ ਦਾ
ਗਮ ਕਿਉਂ ਨਾਂ ਹੋਇਆ
ਤੂੰ ਤਾਂ ਜਿੰਦਗੀ ਦਾ ਹਰ ਪਹਿਲੂ
ਨਾਲ ਦਲੇਰੀ ਛੋਹਿਆ
ਸਾਥੋਂ ਸਾਂਭੇ ਗਮ ਨਾ ਜਾਂਦੇ
ਗੀਤ ਗਾਏ ਤੈਂ ਕੀਲੇ
ਅਰਸ਼ਾਂ ਦੇ ਵਿੱਚ ਗੂੰਜ ਰਹੇ ਨੇ
ਤੇਰੇ ਬੋਲ ਸੁਰੀਲੇ
ਕਿਸ ਹੋਣੀ ਨੇ ਧੋਖਾ ਕੀਤਾ
ਮੰਗਿਆ ਤੈਥੋਂ ਉਮਰ ਤੇਰੀ ਦਾ ਲੇਖਾ
ਮੌਤ ਬੇ ਵਫਾਈ ਕਰ ਗਈ ਵੀਰਾ
ਦਿਲ ਦਾ ਦਰਦ ਭੁਲੇਖਾ।

ਮਹਿੰਦਰ ਸੁਮਨ

# ਰਹਿੰਦੀ ਕਸਰ

ਇੰਦਰਜੀਤ ਕੌਰ

"ਲਓ ਜੀ ਜਿਲੇਬੀਆਂ ਪੂੜੀਆਂ, ਬਾਬਾ ਜੀ ਕੋਲੇ ਖਾਓ" ਟਿੰਕੂ ਨੇ ਛਾਤੀ ਚ ਸਾਰਾਂ ਦੇ ਬੱਬੀ ਨੂੰ ਬਾਬੇ ਕਲੋਲੇ ਵੱਲ ਨੂੰ ਕਰਦਿਆਂ ਲਿਆਂਦਿਆਂ ਵਾਲੀ ਥਾਲ਼ 'ਚ ਕਿਹਾ।

"ਮੈਂ ਕੀ ਜਾ ਦਾਤਾ ਬਾਬੇ ਕੋਲੇ" ਬੱਬੀ ਹੋਲੀ ਜੇ ਆਕੜਦੀ ਅਵਾਜ਼ 'ਚ ਬੋਲਿਆ।

"ਜਾਣਾ ਕਿਉਂ ਨੀਂ, ਲੈ ਜਾਹ!" ਬਾਬਾ ਜੀ ਹੱਸ ਨਾਲ ਖੁਸ਼ ਆਖ ਕਰਨਾਂ ਨਾਲੇ ਜਿਲੇਬੀਆਂ ਫੜਾਉਂਦਾ। ਲਓ ਬਾਬਾ ਜੀ ਜਿਲੇਬੀਆਂ ਫੜਾਉ।

"ਨਹੀਂ - ਨਹੀਂ - ਨਹੀਂ ਮੈਂ ਤਾਂ ਹੱਥ ਨਾਲ ਦੀ ਖਾਊਂ"

"ਨਾਂ ਮੇਰਾ ਲਾਲ, ਜਿਆਣੇ ਪੁੱਤ ਨੀਂ ਜਿਉਂ ਕਰਦੇ ਹੁੰਦੇ" ਮੈਂ ਤਾਂ ਹੁਣੇ ਹੀ ਆ ਜਾਣਾ। ਮੈਂ ਤੇਰੇ ਵਾਸਤੇ ਬਾਹਰੀਆਂ ਜਾ-ਗੀਆਂ ਚੰਗੀਆਂ ਤੇ ਬਾਹਰੀ ਸਾਰੀ ਚਾਕਲੇਟ ਲੈ ਕੇ ਆਊਂ"

ਬੱਬੀ ਅਜੇ ਵੀ ਮਾਂ ਦੇ ਆਣੇ ਵਾਂਗੂ ਆਕੜਿਆ ਹੋਇਆ ਸੀ ਤੇ ਉਸਨੇ ਟਿੰਕੂ ਦੇ ਗਲ ਨੂੰ ਘੁੱਟ ਕੇ ਫੜ ਪਾਇਆ ਹੋਇਆ ਸੀ

"ਲਓ ਤੁਸੀਂ ਫੜ ਲੋ ਬਾਬਾ ਜੀ - ਕੇ ਨੀਂ ਹੋਣ ਲੈਣ ਦਿਓ ਕੁਟ, ਆਪੇ ਚੁੱਪ ਕਰ ਜੂ ਸਜਾਏਂ। ਮੈਂ ਇਕੋ ਸਟੋਰ ਤੱਕ ਚੱਲੀਆਂ। ਆ ਜੂੰਗੀ ਘੰਟੇ ਚ ਤੇਰ।" ਟਿੰਕੂ ਅੱਕੀਵੀ ਬੱਬੀ ਬਾਬੇ ਨੂੰ ਫੜਾ ਕੇ ਜੁਰਾਬਾਂ ਪਾ ਕੇ ਦੌੜ ਬੱਸ ਨੂੰ ਗਈ।

"ਭਾਈ ਛੇਤੀ ਆ ਜੀਂ ਮੁੜਕੇ, ਫਿਰ ਮੈਂ ਗੁਰਦੁਆਰੇ ਜਾਣਾ ਸੀ" ਰੋਂਦੇ ਹੋਏ ਬੱਬੀ ਨੂੰ ਬਾਹਾਂ 'ਚ ਚੁੱਕੇ ਟਿੰਕੂ ਹੋਏ ਬਾਬੇ ਨੇ ਟਿੰਕੂ ਨੂੰ ਸਜਾਏਂ ਅਵਾਜ਼ ਮਾਰ ਕੇ ਕਿਹਾ।

"ਚੰਗਾ ਬਾਬਾ ਜੀ" ਕਹਿੰਦੀ ਟਿੰਕੂ ਫੁਰਤੀ ਬਾਹਰ ਹੋ ਗੀ।

ਬੱਬੀ ਉੱਚੀ ਉੱਚੀ ਰੋ ਰਿਹਾ ਸੀ। ਬਾਬੇ ਨੇ ਬਥੇਰਾ ਚੈਨੀ ਲਗਾ ਖਲਕਾ ਕੇ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ। ਬਹੁਤ ਮਿੱਠੀਆਂ ਚੁੰਮੀਆਂ ਲਗਾਈਆਂ, ਬਥੇਰਾ ਕਿਹਾ ਚੁੱਪ ਕਰ ਹੁਣੇ ਆ ਜੂਗੀ। ਪਰ ਕਿੱਥੇ! ਉਹਦੀ ਕੋਈ ਪੇਸ਼ ਨਾਂ ਗਈ।

ਉਸਨੂੰ ਚੁੱਪ ਕਰਾਉਂਦਾ ਕਰਾਉਂਦਾ ਬਾਬਾ ਬਹੁਤ ਥੱਕ ਗਿਆ, ਉਹ ਉਠਿਆ ਤੇ ਫਰਿਜ ਚੋਂ ਦੁੱਧ ਦਾ ਇੱਕ ਛੋਟਾ ਜਿਹਾ ਗਲਾਸ ਭਰ ਲਿਆਂਦਿਆ, ਬੱਬੀ ਨੂੰ ਪਿਆਉਣ ਵਾਸਤੇ। ਬਾਬੇ ਨੇ ਸੋਚਿਆ ਸ਼ਾਇਦ ਭੁੱਖਾ ਹੀ ਨਾਂ ਹੋਵੇ।

"ਲੈ ਉਇ ਦੁੱਧ ਪੀਲਾ - ਕਿਵੇਂ ਸੋਖ ਅੱਥਰੂ ਬਾਹਰਦਾ ਦੇ ਕੱਟੇ ਜਾਂ" ਬਾਬਾ ਖਿਝਿਆ ਹੋਇਆ ਬੋਲਿਆ।

"ਨੇ ...... " ਮੈਂ ਨੀਂ ਪੀਣਾ" ਹੱਥ ਮਾਰ ਕੇ ਗਲਾਸ ਬਾਬੇ ਦੇ ਹੱਥੋਂ ਡਿਗਾ ਦਿੱਤਾ।

ਬਾਬੇ ਨੂੰ ਬਹੁਤ ਗੁੱਸਾ ਆਇਆ, ਉਹਦਾ ਜੀ ਕੀਤਾ ਕਿ ਲਫੇੜਾ ਮਾਰੇ ਚੰਟ ਦੇ। ਪਰ ਉਹ ਗੁੱਸੇ ਨੂੰ ਅੰਦਰੇ ਅੰਦਰੀ ਪੀ ਗਿਆ ਤੇ ਕਲੀਨੈਕਸ ਲੈ ਕੇ ਡੁਲ੍ਹਿਆ ਦੁੱਧ ਸਾਫ ਕਰਨ ਲੱਗ ਪਿਆ।

"ਸਾਲੇ ਕਨੇਡਾ ਦੇ, ਜੇ ਇਕ ਸੁਆਦ ਵੀ ਲੈਂਦਾ ਉਦੋਂ ਤਾਂ ਇਹਨੀਆ ਸਾਲੇ ਸੀ, ਰਾਮ ਨਾਂ ਰਹਿੰਦੇ ਸੀ। ਬਾਬਾ ਮੂੰਹ 'ਚ ਬੁੜ ਬੁੜਾਇਆ। ਪਰ ਬੱਬੀ ਅਜੇ ਵੀ ਰੋ ਰਿਹਾ ਸੀ।

ਕੁਝ ਦੇਰ ਬਾਅਦ ਟਿੰਕੂ ਮੁੜ ਆਈ। ਬੱਬੀ ਨੇ ਰੋ ਰੋ ਕੇ ਬੁਰਾ ਹਾਲ ਕਰ ਲਿਆ ਸੀ। ਉਹ ਉਹਨੂੰ ਲੋਟ ਕੁੱਛ ਕੇ ਕਿਚਨ 'ਚ ਚਲੀ ਗਈ। ਏ ਕੁ ਮਿੰਟਾ ਬਾਅਦ ਬਾਹਰ ਦਾ ਦਰਵਾਜ਼ਾ ਕਰਾ ਨਾਲ ਇੰਜ ਖੜਕਿਆ ਜਿਵੇਂ ਕਿਸੇ ਨੇ ਬੰਦ ਕੀਤਾ ਹੋਵੇ। ਟਿੰਕੂ ਨੇ ਸੋਚਿਆ ਕਿ ਬਾਬਾ ਬਾਹਰ ਚਲਾ ਗਿਆ ਹੈ।

"ਚੁੱਪ - ਚੁੱਪ - ਚੁੱਪ, ਬਾਬਾ ਬਾਹਰ ਗੀ, ਚੁੱਪ ਕਰ, ਆਪਾਂ ਬਾਬੇ ਨੂੰ ਕੁੱਟਾਂਗੇ - ਲੈ ਆਪਾਂ ਬਾਬੇ ਨੂੰ ਮਾਰੀਏ - ਹੈਂ ਬਾਬਾ, ਹੈਂ -.. ਚੁੱਪ - ਆਪਾਂ ਬਾਬੇ ਨੂੰ ਮਾਰਿਆ।

ਮੋਟੇ ਅਥਰਿਆਂ ਬੱਬੀ ਰੋਂਦੇ ਤਾਂ ਚੁੱਪ ਕਰ ਗਿਆ ਪਰ ਅਜੇ ਸਿਸਕੀਆਂ ਲੈ ਰਿਹਾ ਸੀ।

"ਚੁੱਪ ਕਰ" ਬਾਬਾ ਚਿੱਲੀਆਂ ਫੜਾਉਂਦਾ ਗੀ ਕਿਹਾ ਕੁੱਤੀ ਕਿਹਾ ਫੇਰ ਕੇ ਆਪਾਂ ਬਾਬੇ ਨੂੰ ਕੁੱਟੀਏ, ਆਪਾਂ ਤਾਂ ਕੁੱਟ ਕੁੱਟ ਕੇ ਬਾਬੇ ਦਾ ਸਿਰ ਗੰਜਾ ਕਰ ਦਿਆਂਗੇ।

ਇਹ ਸੁਣ ਬਾਬੇ ਨੇ ਸੋਚਿਆ ਕਿ ਉਹ ਟਿੰਕੂ ਨੂੰ ਕਹੇ ਕਿ ਇਹ ਦੀ ਕਸਰ ਪੂਰੀ ਕਰ ਲਾ। ਪਰ ਫਿਰ ਉਹ ਬਿਨਾਂ ਕੁਝ ਕਹੇ ਕਿਚਨ ਵੱਲ ਚੁੰਮੀਆਂ ਅੱਖਾਂ ਨਾਲ ਵੇਖ, ਜ਼ੋਰ ਨਾਲ ਦਰਵਾਜ਼ਾ ਬੰਦ ਕਰ ਬਾਹਰ ਨਿਕਲ ਗਿਆ।

---

ਵਤਨੋਂ ਦੂਰ

P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ

* ਮੈਂ 10 ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਮੇਰੇ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਉ।
* ਮੈਂ 15 ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ।

\- - - - - - - - - - - -
\- - - - - - - - - - - -
\- - - - - - - - - - - -
\- - - - - - - - - - - -

## ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:

i) ਨਵਾਂ ਪਤਾ
ii) ਜ਼ਿਪ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫੋਨ ਨੰਬਰ

ਸਾਨੂੰ ਭੇਜੋ।

# ਸਮਕਾਲੀ ਸਮਾਜਿਕ ਸਥਿਤੀ ਅਤੇ ਔਰਤ

ਗੁਰਬਚਨ ਕੌਰ

"ਢੋਰ ਗੰਵਾਰ ਸ਼ੂਦਰ ਪਸ਼ੂ ਨਾਰੀ
ਯੇ ਸਭ ਤਾੜਨ ਕੇ ਅਧਿਕਾਰੀ।" (ਤੁਲਸੀ ਦਾਸ)
"ਭੱਠ ਰੰਨਾਂ ਦੀ ਦੋਸਤੀ ਖੁਰੀਂ ਜਿਨ੍ਹਾਂ ਦੀ ਮੱਤ
ਹੱਸ ਹੱਸ ਲਾਵਣ ਯਾਰੀਆਂ, ਰੋ ਰੋ ਦੇਵਣ ਦੱਸ।" (ਪੀਲੂ)
"ਵਾਰਿਸ ਫ਼ਕੀਰ ਰੰਨ ਤਲਵਾਰ ਘੋੜਾ
ਚਾਰੇ ਥੋਕ ਇਹ ਕਿਸੇ ਦੇ ਯਾਰ ਨਾਹੀਂ।" (ਵਾਰਿਸ ਸ਼ਾਹ)

ਸੰਸਾਰ ਦੇ ਜਿਹੜੇ ਸਮਾਜ ਵਿਚ ਔਰਤ ਨੂੰ ਅਜਿਹੇ ਮਹਾਨ ਵਿਚਾਰਾਂ ਨਾਲ 'ਸਨਮਾਨਿਤ' ਕੀਤਾ ਗਿਆ ਹੋਵੇ, ਉਥੇ ਔਰਤ ਦੀ ਸਮਾਜਕ ਬਰਾਬਰੀ ਜਾਂ ਮੁਕਤੀ ਦੀ ਗੱਲ ਕਰਨਾ ਕਿੰਨਾ ਅਜੀਬ ਅਤੇ ਹਾਸੋਹੀਣਾ ਲੱਗਦਾ ਹੈ! ਭਾਰਤ ਦੇ ਮੱਧਕਾਲੀ ਇਤਿਹਾਸ ਵਿਚ ਜੇ ਕਦੀ ਤੁਲਸੀ ਦਾਸ ਨੇ ਔਰਤ ਨੂੰ ਪਸ਼ੂਆਂ ਵਾਂਗ ਤਾੜਕੇ ਜਾਂ ਡਾਂਟਕੇ ਰੱਖਣ ਵਾਲਾ ਜੀਵ ਸਮਝਿਆ ਹੈ ਤਾਂ ਵਾਰਿਸ ਸ਼ਾਹ ਨੇ ਜਗੀਰਦਾਰੀ ਦੌਰ ਅੰਦਰ ਔਰਤ ਨੂੰ ਫ਼ਕੀਰ ਅਤੇ ਘੋੜੇ ਨਾਲ ਤੁਲਨਾ ਦੇਕੇ ਉਹਨੂੰ ਬੇਵਫ਼ਾਈ ਦਾ ਪਰਤੀਕ ਬਣਾ ਦਿਤਾ। ਵਾਰਿਸ ਦੇ ਕਥਨ ਅਨੁਸਾਰ ਔਰਤ ਫ਼ਕੀਰ ਅਤੇ ਘੋੜੇ ਵਾਂਗ ਕਦੇ ਵੀ ਧੋਖਾ ਦੇ ਸਕਦੀ ਹੈ ਅਰਥਾਤ ਉਹ ਮਰਦ ਦੀ ਕਦੇ ਵੀ ਵਿਸ਼ਵਾਸਪਾਤਰ ਨਹੀਂ ਹੋ ਸਕਦੀ। ਇਵੇਂ ਅਸੀਂ ਵੇਖਦੇ ਹਾਂ ਕਿ ਭਾਰਤ ਦੇ ਮੱਧਯੁਗੀ ਇਤਿਹਾਸ ਵਿਚ ਮਰਦ ਨੇ ਔਰਤ ਨੂੰ ਕਦਮ ਕਦਮ 'ਤੇ ਆਪਣੀ ਹੌਸ ਅਤੇ ਧੱਕੇ ਦਾ ਸ਼ਿਕਾਰ ਬਣਾ ਕੇ ਉਹਦੀ ਰੂਹ ਅਤੇ ਵਿਸ਼ਵਾਸ ਦਾ ਮਖੌਲ ਹੀ ਨਹੀਂ ਉਡਾਇਆ, ਸਗੋਂ ਉਹਨੂੰ ਪਸ਼ੂ ਦਾ ਦਰਜਾ ਦੇਕੇ ਉਹਦੀ ਸਮਝ ਅਤੇ ਸੂਝ ਨੂੰ ਝੁਠਲਾਇਆ ਹੈ। ਔਰਤ ਦੀ ਗੁਲਾਮੀ ਅਤੇ ਪਿਛਾਖੜ ਉਸ ਦੌਰ ਵਿਚ ਅਜੇਹੇ ਸਿਖਰ 'ਤੇ ਪੁੱਜ ਚੁੱਕੇ ਸਨ ਕਿ ਔਰਤ ਬਾਰੇ "ਸੋ ਕਿਉਂ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ" ਕਹਿਕੇ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਮਰਦ ਦੀ ਹਮਦਰਦੀ ਜਾਂ ਰਹਿਮ ਦਾ ਪਾਤਰ ਬਣਾਉਣ ਦੀ ਹੀ ਗੱਲ ਕੀਤੀ ਸੀ। — ਸਮਾਜ ਵਿਚ ਔਰਤ ਨੂੰ ਸਮਾਜਕ ਬਰਾਬਰੀ ਦਾ ਸਥਾਨ ਦੇਣ ਦੀ ਗੱਲ ਉਹ ਵੀ ਨਹੀਂ ਕਰ ਸਕੇ - ਪਰ ਹਕੀਕਤ ਇਹ ਵੀ ਹੈ ਕਿ ਮੁਗਲ ਸਾਮਰਾਜ ਦੀ ਚੜ੍ਹਤ ਅਤੇ ਸਿਖਰ ਵਾਲੇ ਉਸ ਜਗੀਰਦਾਰੀ ਦੌਰ ਅੰਦਰ ਔਰਤ ਨੂੰ ਅਜੇਹੀ ਹਮਦਰਦੀ ਅਤੇ ਸਨਮਾਨ ਪੇਸ਼ ਕਰਨਾ ਵੀ ਕੋਈ ਘੱਟ ਜੁਰਅਤ ਵਾਲੀ ਗੱਲ ਨਹੀਂ ਸੀ ਜਿਸਦੀ ਪਹਿਲ ਸਾਡੇ ਇਸ ਮਹਾਨ ਰਹਿਨੁਮਾ ਨੇ ਉਸ ਸਮੇਂ ਕੀਤੀ।

ਭਾਰਤ ਜਾਂ ਭਾਰਤ ਵਾਂਗ ਹੋਰ ਤੀਸਰੀ ਦੁਨੀਆਂ ਦੇ ਦੇਸ਼ਾਂ ਦੇ ਸਮਾਜਕ ਪਰਬੰਧਾਂ ਅੰਦਰ ਔਰਤ ਦੀ ਅਜੋਕੀ ਸਮਾਜਕ ਦਸ਼ਾ ਨੂੰ ਵੇਖਦਿਆਂ ਲੱਗਦਾ ਹੈ ਜਿਵੇਂ ਕਿ ਔਰਤ ਕਦੇ ਵੀ ਸਮਾਜਕ ਜਾਂ ਆਰਥਕ ਤੌਰ 'ਤੇ ਮਰਦ ਦੇ ਬਰਾਬਰ ਨਹੀਂ ਸੀ। ਅੱਜ ਦੇ ਪੂੰਜੀ ਪਰਧਾਨ 'ਸਭਿਅ ਸਮਾਜ' ਵਿਚ ਬੁਰਜੂਆ ਚਿੰਤਕਾਂ ਅਤੇ ਸਿਆਸੀ ਆਗੂਆਂ ਵਲੋਂ ਭਾਵੇਂ ਔਰਤ ਦੀ ਬਰਾਬਰੀ ਅਤੇ ਅਜ਼ਾਦੀ ਦੇ ਅਨੇਕਾਂ ਦਾਅਵੇ ਕੀਤੇ ਜਾ ਰਹੇ ਹਨ ਪਰ ਹਕੀਕਤ ਇਹ ਹੈ ਕਿ ਉਹ ਅੱਜ ਵੀ ਹਜ਼ਾਰਾਂ ਸਾਲ ਪੁਰਾਣੇ ਦੁਆਰਾ ਗੁਲਾਮੀ ਦੀਆਂ ਜੰਜ਼ੀਰਾਂ ਨਾਲ ਜਕੜੀ ਹੋਈ ਜਹਾਲਤ ਦੇ ਜੰਗਲ ਵਿਚ ਭਟਕ ਰਹੀ ਹੈ ਅਤੇ ਕਈ ਵਾਰ ਤਾਂ ਇਉਂ ਲੱਗਦਾ ਹੈ ਕਿ ਉਹਦੇ ਵਿਚ ਸਮਾਜਕ ਬਰਾਬਰੀ ਅਤੇ ਇਨਸਾਫ਼ ਮੰਗਣ ਦਾ ਅਹਿਸਾਸ ਹੀ ਮਰ ਗਿਆ ਹੈ। ਇਥੇ ਔਰਤ ਦੀ ਬਰਾਬਰੀ ਦਾ ਮਸਲਾ ਬੜਾ ਟੇਢਾ ਅਤੇ ਪੇਚੀਦਾ ਹੈ। ਜੇ ਉਹਦੀ ਅਜੇਹੀ ਭਿਆਨਕ ਦੁਰਦਸ਼ਾ ਨਾ ਹੁੰਦੀ ਤਾਂ ਉਹ ਅੱਜ ਥਾਂ ਥਾਂ ਇਵੇਂ ਬਲਾਤਕਾਰਾਂ ਅਤੇ ਖੁਦਕਸ਼ੀਆਂ ਦਾ ਸ਼ਿਕਾਰ ਨਾ ਹੁੰਦੀ। ਸਥਾਪਤੀ ਨਾਲ ਜੁੜੇ ਹੋਏ ਚਿੰਤਕਾਂ ਅਤੇ ਲਿਖਾਰੀਆਂ ਵਲੋਂ ਔਰਤ ਦੀ ਆਜ਼ਾਦੀ ਬਾਰੇ ਅੱਜ ਸਟੇਜਾਂ ਅਤੇ ਜਲਸਿਆਂ ਵਿਚ ਜਿੰਨਾ ਵੀ ਉਹਨਾ ਸ਼ੋਰ ਅਤੇ ਹੰਗਾਮਾ ਖੜਾ ਕੀਤਾ ਜਾ ਰਿਹਾ ਹੈ, ਉਨੀਆਂ ਹੀ ਵਧੇਰੇ ਔਰਤਾਂ ਦਾਜ ਦੀ ਬਲੀ ਚੜ੍ਹ ਰਹੀਆਂ ਹਨ ਅਤੇ ਉਨੇ ਹੀ ਜ਼ਿਆਦਾ ਬਲਾਤਕਾਰ ਹੋ ਰਹੇ ਹਨ। ਔਰਤ ਨਾਲ ਬਲਾਤਕਾਰ ਅਤੇ ਬਲੈਕਮੇਲ ਕਰਨ ਲਈ ਕਾਨੂੰਨ ਦੀ ਪਰਵਾਹ ਨਾ ਕਰਦੇ ਹੋਏ ਅੱਜ ਗੁੰਡਿਆਂ ਦੇ ਇਨੇ ਸੰਗਠਤ ਗਰੋਹ ਬਣ ਚੁੱਕੇ ਹਨ ਕਿ ਲੱਗਦਾ ਹੈ ਇਨਸਾਫ਼ ਅਤੇ ਕਾਨੂੰਨ ਦੀ ਰਾਖੀ ਕਰਨ ਵਾਲਿਆਂ ਨੇ ਵੀ ਇਹਨਾਂ ਨਾਲ ਸਮਝੌਤਾ ਕਰ ਲਿਆ ਹੈ। ਔਰਤ ਦੀ ਸਮਾਜਕ ਸਥਿਤੀ ਅਤੇ ਬਰਾਬਰੀ ਦੇ ਮਸਲੇ ਨੂੰ ਸਮਝਣ ਲਈ ਮਨੁੱਖੀ ਇਤਿਹਾਸ ਦੇ ਮੁਢਲੇ ਪਿਛੋਕੜ ਅਤੇ ਵਰਤਮਾਨ ਸਥਿਤੀ ਦਾ ਸਿਧਾਂਤਕ ਤੌਰ 'ਤੇ ਜਾਇਜ਼ਾ ਲੈਣਾ ਜ਼ਰੂਰੀ ਹੈ।

ਇਤਿਹਾਸ ਦਾ ਸਿਧਾਂਤਕ ਪੱਖ ਤੋਂ ਅਧਿਐਨ ਕਰਦਿਆਂ ਇਹ ਸੱਚ ਉਭਰਕੇ ਸਾਹਮਣੇ ਆਉਂਦਾ ਹੈ ਕਿ ਸਮਾਜ ਵਿਚ ਔਰਤ ਇਵੇਂ ਹਮੇਸ਼ਾ ਤੋਂ ਮਰਦ ਜਾਂ ਸਮਾਜ ਦੀ ਗੁਲਾਮ ਨਹੀਂ ਸੀ ਜਿਵੇਂ ਕਿ ਉਹ ਅੱਜ ਹੈ। ਇਤਿਹਾਸ ਦੇ ਮੁਢਲੇ ਸਾਮਵਾਦੀ ਯੁੱਗ ਅੰਦਰ ਸਥਿਤੀ ਬਿਲਕੁਲ ਵੱਖਰੀ ਸੀ। ਸੰਸਾਰ ਦੇ ਕਈ ਦੇਸ਼ਾਂ (ਜਿਨ੍ਹਾਂ ਵਿਚ ਹਿਮਾਚਲ ਪਰਦੇਸ਼ ਦੇ ਵੀ ਕਈ ਇਲਾਕੇ ਆਉਂਦੇ ਹਨ) ਵਿਚ ਅਜੇ ਵੀ ਅਜੇਹੇ ਪਰਵਾਰ ਜਾਂ ਕਬੀਲੇ ਮੌਜੂਦ ਹਨ ਜਿਥੇ ਪਰਵਾਰ ਦੀ ਮੁਖੀ ਔਰਤ ਹੈ ਨਾਂ ਕਿ ਮਰਦ। ਅਜੇਹੇ ਔਰਤ ਪਰਧਾਨ ਪਰਵਾਰ ਅਸਲ ਵਿਚ ਉਸੇ ਹੀ ਸਮਾਜਕ ਪਰਬੰਧ ਦੀ ਰਹਿੰਦ ਖੂੰਹਦ ਹੈ ਜਿਹੜਾ ਕਿ ਸਾਮਵਾਦੀ ਮਨੁੱਖੀ ਸਭਿਅਤਾ ਦੇ ਪਿਛੋਕੜ ਦਾ ਮੁੱਖ ਲੱਛਣ ਸੀ। ਮਨੁੱਖੀ ਇਤਿਹਾਸ ਦੇ ਤਿੰਨਾਂ ਯੁਗਾਂ - ਗੁਲਾਮਦਾਰੀ, ਜਾਗੀਰਦਾਰੀ ਅਤੇ ਅਜੋਕੇ ਪੂੰਜੀਵਾਦੀ ਵਿਉਪਾਰਕ ਯੁੱਗ ਅੰਦਰ ਮਰਦ ਦਾ ਔਰਤ ਨੂੰ ਗੁਲਾਮ ਰੱਖਣ ਦਾ ਵਰਤਾਰਾ ਵੀ ਵੱਖ ਵੱਖ ਪਰਕਾਰ ਦਾ ਸੀ ਜਾਂ ਹੈ। ਪ੍ਰਸਿੱਧ ਜਨਵਾਦੀ ਹਿੰਦੀ ਲੇਖਕ ਸਵੈਸਾਰੀ ਨੇ ਇਨ੍ਹਾਂ ਤਿੰਨਾਂ ਯੁਗਾਂ ਅੰਦਰ ਔਰਤ ਦੀ ਸਮਾਜਕ ਸਥਿਤੀ ਨੂੰ ਸੰਖੇਪ ਵਿਚ ਇਵੇਂ ਬਿਆਨ ਕੀਤਾ ਹੈ, "ਗੁਲਾਮਦਾਰੀ ਯੁੱਗ ਵਿਚ ਉਹ ਮਿਹਨਤ ਵੀ ਕਰਦੀ ਸੀ, ਕਈ ਵਾਰ ਆਪਣੀ ਮਰਜ਼ੀ ਦੇ ਖਿਲਾਫ਼ ਮਾਲਕਾਂ ਦੀ ਕਾਮ ਵਾਸ਼ਨਾ ਦਾ ਸ਼ਿਕਾਰ ਵੀ ਹੁੰਦੀ ਸੀ ਅਤੇ ਆਪਣੀਆਂ ਅੱਖਾਂ ਦੇ ਸਾਹਮਣੇ ਆਪਣੇ ਜਿਗਰ ਦੇ ਟੁਕੜਿਆਂ ਨੂੰ ਗਾਜਰਾਂ ਮੂਲੀਆਂ ਦੀ ਤਰ੍ਹਾਂ ਵਿਕਦਿਆਂ ਅਤੇ ਵਿਛੜਦਿਆਂ ਵੀ ਵੇਖਦੀ ਰਹਿੰਦੀ ਸੀ। ਜਦੋਂ ਜਾਗੀਰਦਾਰੀ ਪ੍ਰਥਾ ਆਈ ਤਾਂ ਉਸਨੂੰ ਜ਼ੰਜੀਰਾਂ ਵਿਚ ਬੰਨ੍ਹ ਕੇ ਜਾਨਵਰਾਂ ਦੀ ਤਰ੍ਹਾਂ ਚਾਰ ਦੀਵਾਰੀ ਅੰਦਰ ਰੱਖਿਆ ਜਾਣ ਲੱਗਾ। ਉਹਦੇ ਅਧਿਕਾਰ ਨਾਂ ਦੀ ਕੋਈ ਚੀਜ਼ ਨਾਂ ਰਹੀ। ਜ਼ਿਮੀਦਾਰ ਜਦੋਂ ਚਾਹੁੰਦਾ ਉਸਨੂੰ ਆਪਣੇ ਘਰੋਂ ਕੱਢ ਕੇ ਹਵੇਲੀ ਵਿਚ ਸੱਦ ਲੈਂਦਾ। ਇਕ ਰਾਜੇ ਦੀਆਂ ਸੈਂਕੜੇ ਔਰਤਾਂ ਹੁੰਦੀਆਂ ਸਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਪਤੀਬਰਤਾ ਧਰਮ ਅਨੁਸਾਰ ਜਿਸ ਵਿਅਕਤੀ ਦੀ ਉਹ ਧਰਮਪਤਨੀ ਹੈ - ਉਹ ਆਪਣੇ ਜੀਵਨ ਵਿਚ ਅਨੇਕਾਂ ਔਰਤਾਂ ਨਾਲ ਨਜਾਇਜ਼ ਸਬੰਧ ਰੱਖਕੇ ਵੀ ਦੁਨੀਆਂ ਦੀਆਂ ਨਜ਼ਰਾਂ ਵਿਚ ਚਰਿਤਰਵਾਨ ਬਣਿਆਂ ਰਹਿੰਦਾ ਹੈ। ਅੱਜ ਪੂੰਜੀਵਾਦੀ ਵਿਉਪਾਰਕ ਯੁੱਗ ਅੰਦਰ ਔਰਤਾਂ ਮੰਡੀ ਦੀਆਂ ਹੋਰ ਜਿਨਸਾਂ ਵਾਂਗ ਖਰੀਦੀ ਵੇਚੀ ਜਾਣ ਵਾਲੀ ਜਿਨਸ ਬਣਕੇ ਰਹਿ ਗਈ ਹੈ।"

ਜਿਵੇਂ ਸਮਾਜ ਵਿਚ ਅਸੀਂ ਜੀਵਨ ਦਾ ਆਮ ਵਰਤਾਰਾ ਵੇਖਦੇ ਹਾਂ ਕਿ ਜਿਹਦੇ ਕੋਲ ਉਤਪਾਦਕ ਜਾਂ ਰੁਜ਼ਗਾਰ ਦੇ ਸਾਧਨ ਹੁੰਦੇ ਹਨ, ਉਸੇ ਹੀ ਵਿਅਕਤੀ ਦਾ ਸਮਾਜ ਉਤੇ ਵੱਧ ਅਧਿਕਾਰ ਅਤੇ ਰੋਹਬ ਹੁੰਦਾ ਹੈ, ਉਸੇ ਤਰ੍ਹਾਂ ਪੂੰਜੀ-ਪਰਧਾਨ ਸਮਾਜਕ ਪਰਬੰਧ ਅੰਦਰ ਘਰ ਵਿਚ ਵੀ ਜਾਇਦਾਦ ਦੀ ਮਲਕੀਅਤ ਮਰਦ ਦੇ ਹੱਥਾਂ ਵਿਚ ਹੋਣ ਕਰਕੇ ਵਧੇਰੇ ਮਾਣ ਅਤੇ ਅਧਿਕਾਰ ਵੀ ਉਸਦਾ ਹੀ ਹੈ। ਦੂਸਰੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਅਜੋਕੇ ਸਮਾਜਕ ਪਰਬੰਧ ਵਿਚ ਘਰ ਵਿਚ ਔਰਤ ਪ੍ਰੋਲੇਤਾਰੀ ਹੈ ਅਤੇ ਮਰਦ ਮਾਲਕ। ਮਰਦ ਦੀ ਅਜੇਹੀ ਸਥਿਤੀ ਅਸਲ ਵਿਚ ਉਹਦਾ ਆਪਣੀ ਕਿਰਤ ਜਾਂ ਰੁਜ਼ਗਾਰ

12 ਰਹੀਂ ਸਮਾਜ ਦੇ ਸਮੂਹ ਉਤਪਾਦਨ ਵਿਚ ਕਿਸੇ ਨਾ ਕਿਸੇ ਢੰਗ ਨਾਲ ਹਿੱਸੇਦਾਰ ਹੋਣਾ ਹੈ। ਜਦੋਂ ਕਿ ਔਰਤ ਅਜੇਹੀ ਸਥਿਤੀ ਵਿਚ ਨਹੀਂ ਹੈ। ਪੂੰਜੀ-ਪਰਧਾਨ ਸਮਾਜ ਵਿਚ, ਜਿਹੜਾ ਕਿ ਅਸਲ ਵਿਚ ਮਰਦ-ਪਰਧਾਨ ਸਮਾਜ ਹੀ ਹੈ - ਇਹ ਤਿੱਖਾ ਆਰਥਕ ਦਬਾਓ ਹੋਣ ਕਰਕੇ ਹੀ ਹੈ ਕਿ ਔਰਤ ਆਪਣੇ ਆਪ ਨੂੰ ਮਰਦ ਕੋਲ ਗੁਲਾਮ ਰੱਖਣ ਲਈ ਮਜਬੂਰ ਹੈ। ਜੇ ਥੋੜ੍ਹਾ ਜਿਹਾ ਅਜੇਹੀ ਸਥਿਤੀ ਨੂੰ ਹੋਰ ਗਹਿਰਾਈ ਨਾਲ ਘੋਖੀਏ ਤਾਂ ਸਮਝ ਪੈਂਦੀ ਹੈ ਕਿ ਸ੍ਰੇਣੀਗਤ ਸਮਾਜ ਵਿਚ ਜਿਥੇ ਮਰਦ ਖੁਦ ਦੂਜੇ ਮਰਦ ਦਾ ਗੁਲਾਮ ਹੁੰਦਾ ਹੈ ਉਥੇ ਅਜੇਹੇ ਸਮਾਜਕ ਪਰਬੰਧ ਅੰਦਰ ਔਰਤ ਗੁਲਾਮ ਮਰਦ ਦੀ ਗੁਲਾਮ ਹੋਣ ਕਰਕੇ ਦੂਹਰੀ ਗੁਲਾਮੀ ਦਾ ਸ਼ਿਕਾਰ ਰਹੀ ਹੈ। ਇਕ ਗੁਲਾਮ ਇਨਸਾਨ ਦੂਸਰੇ ਗੁਲਾਮ ਇਨਸਾਨ ਨੂੰ ਕਿੰਨੀ ਕੁ ਆਜ਼ਾਦੀ ਦੇ ਸਕਦਾ ਹੈ- ਇਹ ਅਸੀਂ ਆਪਣੀ ਬੜੀ ਚੰਗੀ ਤਰਾਂ ਸਮਝ ਸਕਦੇ ਹਾਂ। ਅਜੇਹਾ ਔਰਤ ਦੀ ਆਰਥਕ ਮਜਬੂਰੀ ਦਾ ਸਿੱਟਾ ਹੀ ਹੈ ਕਿ ਮਸਲਾ ਇਹ ਖੜ੍ਹਾ ਹੋ ਜਾਂਦਾ ਹੈ ਕਿ ਔਰਤ ਲਈ ਤਾਂ ਆਪਣੇ ਪਤੀ ਵੱਲ ਪ੍ਰਤੀਬੱਧਤਾ (ਪਤੀਵਰਤਾ) ਇਕ ਲਾਜ਼ਮੀ ਸ਼ਰਤ ਹੋ ਗਈ ਪਰ ਮਰਦ ਲਈ ਅਜੇਹੀ ਕੋਈ ਵੀ ਸ਼ਰਤ ਸਾਡਾ ਮਰਦ-ਪਰਧਾਨ ਸਮਾਜ ਕਦੇ ਵੀ ਲਾਗੂ ਨਾ ਕਰ ਸਕਿਆ। ਅਜੇਹੇ ਰੁਝਾਨ ਦਾ ਅਗਾਂਹ ਸਿੱਟਾ ਇਹ ਨਿਕਲਿਆ ਕਿ ਹੁਣ ਮਰਦ ਪਤੀ ਦੇ ਰੂਪ ਵਿਚ ਆਪਣੀ ਪ.ਨੀ ਨਾਲ ਜਿਨਸੀ ਸਬੰਧ ਭੋਗਣ ਦੇ ਨਾਲ ਨਾਲ ਕਾਨੂੰਨ ਅਤੇ ਸਮਾਜਕ ਮਰਿਆਦਾ ਦੀਆਂ ਸੂਖਮ ਹੱਦਾਂ ਬੰਧਨ ਦੇ ਹੁੰਦਿਆਂ ਵੀ ਹੋਰਨਾਂ ਔਰਤਾਂ ਦੀ ਜਿਨਸੀ ਆਨੰਦ ਭੋਗਣ ਲਈ ਆਜ਼ਾਦ ਰਿਹਾ। ਏਂਗਲਜ਼ ਨੇ ਪੂੰਜੀ ਪਰਧਾਨ ਸਮਾਜਕ ਪਰਬੰਧ ਅੰਦਰ ਔਰਤ ਮਰਦ ਦੇ ਆਪਸੀ ਰਿਸ਼ਤਿਆਂ ਦੀ ਉਕਤ ਸਥਿਤੀ ਦਾ ਵਿਸ਼ਲੇਸ਼ਣ ਇਵੇਂ ਕੀਤਾ ਹੈ, "ਪਤੀ ਤਾਂ ਹਰੀਗੀਸਿਜ਼ਮ ਦੇ ਆਨੰਦ ਲੁੱਟਕੇ ਜੀਵਨ ਨੂੰ ਰੰਗੀਨ ਬਣਾ ਲੈਂਦਾ ਹੈ ਪਰ ਪਤਨੀ ਵਿਚਾਰੀ ਆਪਣੇ ਭਾਗਾਂ ਨੂੰ ਰੋਂਦੀ ਹੈ ਅਤੇ ਜਿਵੇਂ ਅੱਧਾ ਸੇਉ ਖਾਣ ਪਿੱਛੋਂ ਹੱਥ ਵਿਚ ਪੂਰਾ ਸੇਉ ਨਹੀਂ ਰਹਿੰਦਾ, ਇਸੇ ਤਰਾਂ ਇਹ ਵੀ ਨਹੀਂ ਹੋ ਸਕਦਾ ਕਿ ਵਿਰੋਧ ਦਾ ਇਕ ਪੱਖ ਤਾਂ ਹੋਵੇ ਤੇ ਦੂਜਾ ਨਾ ਹੋਵੇ।" ਇਹਦੇ ਉਲਟ ਸਮਾਜਵਾਦੀ ਸਮਾਜਕ ਪਰਬੰਧ ਵਿਚ ਔਰਤ ਅਤੇ ਮਰਦ ਸਮਾਜਕ ਉਤਪਾਦਨ ਚ ਵਿਚ ਬਰਾਬਰ ਦੇ ਭਾਈਵਾਲ ਹੋਣ ਕਰਕੇ ਉਥੇ ਮਰਦ ਨੂੰ ਵੀ ਔਰਤ ਪ੍ਰਤੀ ਬਰਾਬਰ ਸੁਹਿਰਦ ਹੋਣਾ ਪੈਂਦਾ ਹੈ।

ਇਥੇ ਸਾਡੇ ਸਮਾਜ ਵਿਚ ਦੁਖਾਂਤ ਸਿਰਫ ਇਹੀ ਨਹੀਂ ਕਿ ਅੱਜ ਔਰਤ ਮਰਦ ਦੀ ਦੋਗਲੀ ਹਵਸ ਅਤੇ ਗੁਲਾਮੀ ਦਾ ਸ਼ਿਕਾਰ ਹੈ, ਸਗੋਂ ਇਹਤੋਂ ਵੀ ਭੈੜਾ ਦੁਖਾਂਤ ਇਹ ਹੈ ਕਿ ਸਮੇਂ ਦੇ ਵਿਕਾਸ ਨਾਲ ਔਰਤ ਨੇ ਆਪਣੇ ਆਪ ਨੂੰ ਇਸ ਬੇਵੱਸੀ ਵਿਚ ਇਵੇਂ ਢਾਲ ਲਿਆ ਹੈ ਕਿ ਹੁਣ ਉਸਨੂੰ ਇਹ ਅਹਿਸਾਸ ਹੀ ਨਹੀਂ ਰਿਹਾ ਕਿ ਉਹ ਗੁਲਾਮ ਹੈ ਅਤੇ ਉਹਨੂੰ ਵੀ ਇਕ ਇਨਸਾਨ ਦੇ ਤੌਰ ਤੇ ਮਰਦ ਦੇ ਬਰਾਬਰ ਆਜ਼ਾਦ ਹੋਕੇ ਜਿਉਣ ਦਾ ਹੱਕ ਹੋਣਾ ਚਾਹੀਦਾ ਹੈ। ਹਜ਼ਾਰਾਂ ਸਾਲਾਂ ਦੇ ਇਤਿਹਾਸ ਤੋਂ ਲੈਕੇ ਹੁਣ ਤੱਕ ਹਿੰਦੂ-ਬ੍ਰਾਹਮਣਵਾਦ ਅਨੁਸਾਰ ਸਮਾਜ ਵਲੋਂ ਔਰਤ ਨੂੰ ਸਖਤ ਹਦਾਇਤਾਂ ਜਾਰੀ ਰਹੀਆਂ ਹਨ ਕਿ ਉਹ ਮਰਦ ਦੀ ਗੁਲਾਮ (ਸਿਰਫ ਵਫ਼ਾਦਾਰ ਹੀ ਨਹੀਂ) ਰਹੇ ਅਤੇ ਦੂਸਰੇ ਪਾਸੇ ਮਰਦ ਨੂੰ ਇਹ ਹਦਾਇਤਾਂ ਹਨ ਕਿ ਉਹ ਔਰਤ ਨੂੰ ਗੁਲਾਮ ਰੱਖੇ। ਹਿੰਦੂ ਮੱਤ ਅਨੁਸਾਰ ਪਤੀ ਨੂੰ ਔਰਤ ਦਾ ਸੁਆਮੀ ਜਾਂ ਪਤੀ-ਪਰਮੇਸ਼ਰ ਕਹਿਣ ਦਾ ਵੀ ਇਹੀ ਅਰਥ ਹੈ। ਇਸਲਾਮ ਮੱਤ ਅਨੁਸਾਰ ਤਾਂ ਔਰਤ ਦੀ ਸਥਿਤੀ ਹੋਰ ਵੀ ਖਰਾਬ ਹੈ, ਕਿਉਂਕਿ ਇਹਦੇ ਅਨੁਸਾਰ ਤਾਂ ਮਰਦ ਕਈ ਵਾਰ ਇਕ ਤੋਂ ਵੱਧ ਵਿਆਹ ਕਰਵਾਕੇ ਤਿੰਨ ਜਾਂ ਚਾਰ ਚਾਰ ਔਰਤਾਂ ਨੂੰ ਵੀ ਆਪਣਾ ਗੁਲਾਮ ਬਣਾਈ ਰੱਖਦਾ ਹੈ। ਇਸਤੋਂ ਵੀ ਅਗਾਂਹ ਹਿੰਦੂ ਮੱਤ ਅਨੁਸਾਰ ਔਰਤਾਂ ਵਲੋਂ ਪਤੀ ਦੀ ਲੰਬੀ ਉਮਰ ਲਈ ਦੁਆਵਾਂ ਕਰਨੀਆਂ ਜਾਂ ਕਰੂਆ ਚੌਥ ਵਰਗੇ ਵਰਤ ਰੱਖਣ ਦਾ ਵੀ ਇਹੀ ਅਰਥ ਹੈ ਕਿ ਉਹਦੀ ਆਪਣੀ ਹੋਂਦ ਆਪਣੇ ਪਤੀ ਦੇ ਅਸਤਿੱਤਵ ਨਾਲ ਪੂਰੀ ਤਰਾਂ ਜੁੜੀ ਹੋਈ ਹੈ। ਇਸਲਾਮ ਮੱਤ ਅਨੁਸਾਰ ਔਰਤ ਨੂੰ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਸਿਰ ਤੋਂ ਪੈਰਾਂ ਤੱਕ ਪਰਦੇ ਵਿਚ ਰੱਖਣ ਦਾ ਵੀ ਇਹੀ ਮਕਸਦ ਹੈ ਕਿ ਉਹਨੂੰ ਹਰ ਤਰਾਂ ਗੁਲਾਮ ਰੱਖਿਆ ਜਾਵੇ। ਸਾਡੇ ਸਮਾਜ ਦੀ ਸਥਿਤੀ ਇਹੋ ਹੈ ਕਿ ਜੇ ਕਿਤੇ ਅਚਾਨਕ ਪਤੀ ਦੀ ਮੌਤ ਹੋ ਜਾਵੇ ਤਾਂ ਸਮਝੋ ਬੱਸ ਪਤਨੀ ਦੀਆਂ ਸਾਰੀਆਂ ਖੁਸ਼ੀਆਂ ਅਤੇ ਹਸਿਆਂ ਦੀ ਨਾਲ ਹੀ ਮੌਤ ਹੋ ਗਈ। ਉਹਦੇ ਚਾਰ ਚੁਫੇਰੇ ਸੋਗ ਦੀ ਇਕ ਸੰਘਣੀ ਧੁੰਦ ਜਿਹੀ ਛਾ ਜਾਂਦੀ ਹੈ। ਪਤੀ ਦੀ ਮੌਤ ਪਿੱਛੋਂ ਪਤਨੀ ਦਾ ਪਤੀ ਦੀ ਅਰਥੀ ਨਾਲ ਹੀ ਅੱਗ ਵਿਚ ਸੜਕੇ ਸਤੀ ਹੋ ਜਾਣ ਦੀ ਅਣਮਨੁੱਖੀ ਰਵਾਇਤ ਵੀ ਔਰਤ ਦੀ ਘੋਰ ਸਮਾਜਕ ਗੁਲਾਮੀ ਦਾ ਚਿੰਨ ਹੈ। ਭਾਰਤ ਦੀ ਸਮਕਾਲੀ ਸਮਾਜਕ ਸਥਿਤੀ ਇਹ ਹੈ ਕਿ ਅੱਜ ਦੇ ਵਿਗਿਆਨ ਯੁੱਗ ਵਿਚ ਵੀ ਕਈ ਥਾਵਾਂ ਤੇ ਸਤੀ-ਪ੍ਰਥਾ ਉਸੇ ਤਰਾਂ ਜਾਰੀ ਹੈ ਜਿਵੇਂ ਕਿ ਹਜ਼ਾਰਾਂ ਸਾਲ ਪਹਿਲਾਂ ਸੀ। ਇਸ ਤਰਾਂ ਅਸੀਂ ਵੇਖਦੇ ਹਾਂ ਕਿ ਸਾਡੇ ਸਮਾਜ ਨੇ ਕਿਵੇਂ ਔਰਤ ਨੂੰ ਮਰਦ ਉਤੇ ਨਿਰਭਰ ਬਣਾ ਕੇ ਉਹਦੀ ਸੁਤੰਤਰ ਹੋਂਦ ਦਾ ਗਲਾ ਹੀ ਘੁੱਟ ਦਿੱਤਾ ਹੈ। ਔਰਤ ਦੀ ਉਕਤ ਸਮਾਜਕ ਸਥਿਤੀ ਨੇ ਉਹਦੀਆਂ ਜਿਨਸੀ ਇੱਛਾਵਾਂ ਨੂੰ ਲਗਾਤਾਰ ਦਬਾਕੇ ਉਹਦੀ ਸਖਸ਼ੀਅਤ ਦਾ ਵਿਕਾਸ ਰੋਕ ਰੱਖਿਆ ਹੈ। ਰੂਸੋ ਨੇ ਠੀਕ ਹੀ ਕਿਹਾ ਹੈ," ਕਿੰਨੀ ਅਜੀਬ ਗੱਲ ਹੈ ਕਿ ਔਰਤ ਨੂੰ ਵਿਆਹ ਤੋਂ ਪਹਿਲਾਂ ਸਵੈ-ਸੰਕੋਚ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਇਹਤੋਂ ਮਗਰੋਂ ਪਤੀ ਨੂੰ ਉਧਾਸਣ (ਬਹਿਲਾਉਣ) ਲਈ ਪੂਰੇ ਚੰਚਲਤਰ ਵਿਖਾਉਣੇ ਪੈਂਦੇ ਹਨ। ਇਸਤਰੀ ਨੂੰ ਇਕੋ ਵੇਲੇ ਵੇਸਵਾ ਅਤੇ ਭਿਖਸ਼ਣੀ ਬਣਨਾ ਪੈਂਦਾ ਹੈ।

ਭਾਰਤ ਦੇ ਹਿੰਦੂ ਮਿਥਿਹਾਸ ਵਿਚ ਵੀ ਮਰਦ ਵਲੋਂ ਔਰਤ ਨੂੰ ਅਧੀਨਗੀ ਅੰਦਰ ਰੱਖਕੇ ਜ਼ਲੀਲ ਕਰਨ ਵਿਚ ਘੱਟ ਹਿੱਸਾ ਨਹੀਂ ਪਾਇਆ। ਰਾਮਾਇਣ ਅਤੇ ਮਹਾਂਭਾਰਤ ਦੇ ਯੁੱਗਾਂ ਅੰਦਰ- ਇੰਦਰ ਦੇਵਤਾ ਵਲੋਂ ਗੌਤਮ ਰਿਸ਼ੀ ਦੀ ਪਤਨੀ ਅਹਿੱਲਿਆ ਨਾਲ ਅਤੇ ਮਹਾਂਭਾਰਤ ਦੇ ਲੇਖਕ ਵਿਆਸ ਮੁਨੀ ਦਾ ਮਲਾਹ ਦੀ ਕੁੜੀ ਨਾਲ ਬਲਾਤਕਾਰ ਕਰਨ ਦੀਆਂ ਘਟਨਾਵਾਂ ਕੁਝ ਇਕ ਮਿਸਾਲਾਂ ਹਨ ਜੋ ਮਰਦ ਵਲੋਂ ਔਰਤ ਉਤੇ ਜਬਰ ਦੀਆਂ ਮੂੰਹੋਂ ਬੋਲਦੀਆਂ ਤਸਵੀਰਾਂ ਹਨ। ਇਸਤੋਂ ਇਲਾਵਾ ਇਹ ਤਾਂ ਠੀਕ ਹੈ ਕਿ ਰਾਵਣ ਵਲੋਂ ਸੀਤਾ ਦਾ ਅਪਹਰਣ ਕਰਨ ਤੇ ਰਾਮ ਅਤੇ ਲਛਮਣ ਵਲੋਂ ਉਹਨੂੰ ਸਜ਼ਾ ਦੇਣਾ ਤਾਂ ਵਡਿਆਇਆ ਜਾਂਦਾ ਹੈ। ਪਰ ਰਾਵਣ ਦੀ ਭੈਣ ਸਰੂਪਨਖਾ ਵਲੋਂ ਲਛਮਣ ਨੂੰ ਵਿਆਹ ਕਰਾਉਣ ਦੀ ਪੇਸ਼ਕਸ਼ ਕਰਨ ਤੇ ਲਛਮਣ ਵਲੋਂ ਉਹਦਾ ਨੱਕ ਵੱਢ ਦੇਣਾ ਕਿਥੋਂ ਦਾ ਇਨਸਾਫ਼ ਸੀ? ਅਜੇਹੀ ਸਥਿਤੀ ਨੂੰ ਵੇਖਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਸ 'ਸਤਯੁਗ' ਵਿਚ ਵੀ ਮਰਦ ਨੂੰ ਤਾਂ ਵਿਆਹ ਲਈ ਜਿਹੜੀ ਵੀ ਚਾਹੇ ਔਰਤ ਪਸੰਦ ਕਰਨ ਦੀ ਖੁੱਲ੍ਹ ਸੀ ਪਰ ਔਰਤ ਨੂੰ ਅਜੇਹੀ ਕੋਈ ਖੁੱਲ੍ਹ ਨਹੀਂ ਸੀ। ਰਾਮ ਨੂੰ ਮਿਲੇ ਬਨਵਾਸ ਦੌਰਾਨ ਰਾਮ ਵਲੋਂ ਸੀਤਾ ਨਾਲ ਵਰਤਾਉ ਨੂੰ ਵੇਖਦਿਆਂ ਵਿਚਾਰਨ ਵਾਲੀ ਗੱਲ ਇਹ ਹੈ ਕਿ ਸਿਰਫ ਸੀਤਾ ਨੂੰ ਅਗਨੀ-ਪ੍ਰੀਖਿਆ ਵਿਚੋਂ ਗੁਜ਼ਰਨਾ ਪੈਂਦਾ ਹੈ - ਰਾਮ ਨੂੰ ਨਹੀਂ। ਜਦੋਂ ਰਾਮ ਆਪਣੀ ਪਤਨੀ ਤੋਂ ਦੂਰ ਸੀ, ਉਹ ਕੀ ਕੀ ਕੁਝ ਕਰਦਾ ਰਿਹਾ? ਪਰ ਅਜੇਹਾ ਪ੍ਰਸ਼ਨ ਕਦੇ ਨਹੀਂ ਉਠਾਇਆ ਗਿਆ। ਮਸਲਾ ਅਸਲ ਵਿਚ ਇਹ ਹੈ ਕਿ ਰਾਮ ਪੁਰਸ਼ ਹੈ ਅਤੇ ਸਮਾਜ ਵਿਚ ਪੁਰਸ਼ ਦੀ ਪ੍ਰਭੁਸਤਾ ਹੈ। ਨਤੀਜੇ ਵਜੋਂ ਸਾਡੇ ਮਿਥਿਹਾਸ ਵਿਚ ਅਜੇਹੀਆਂ ਕਾਰਗੁਜ਼ਾਰੀਆਂ ਨੇ ਔਰਤ ਦੀ ਬਰਾਬਰੀ ਦੇ ਮਸਲੇ ਨੂੰ ਸੁਲਝਾਉਣ ਦੀ ਥਾਂ ਹੋਰ ਵੀ ਉਲਝਾਇਆ ਹੈ। ਔਰਤ ਦੀ ਨਾ-ਬਰਾਬਰੀ ਬਾਅਦ ਦੇ

ਸਮਾਜ ਵਿਚ ਅਜੇਹੇ ਨਾਂਹ-ਪੱਖੀ ਔਰਤ-ਵਿਰੋਧ ਪੈਦਾ ਹੁੰਦੇ ਰਹੇ ਜਿਨ੍ਹਾਂ ਦੇ ਸਿੱਟੇ ਔਰਤ ਅਤੇ ਮਰਦ ਦੋਨਾਂ ਨੂੰ ਭੁਗਤਣੇ ਪਏ। ਇਵੇਂ ਮਰਦ ਪ੍ਰਧਾਨ ਸਮਾਜ ਨੇ ਔਰਤ ਨੂੰ ਗੁਲਾਮ ਬਣਾਕੇ ਔਰਤ ਦੀ ਸਥਿਤੀ ਨੂੰ ਹੀ ਡਾਵਾਂਡੋਲ ਨਹੀਂ ਬਣਾਇਆ ਸਗੋਂ ਕਈ ਪੱਖਾਂ ਤੋਂ ਮਰਦ ਨੂੰ ਵੀ ਨਿਤਾਣਾ ਬਣਾ ਦਿਤਾ। ਸਿਆਸੀ ਚਿੰਤਕ ਸੂਸਨ ਮੋਲਰ ਨੇ ਠੀਕ ਹੀ ਕਿਹਾ ਹੈ," ਜਿੰਨਾ ਚਿਰ ਪੁਰਸ਼ ਇਸਤਰੀ ਦੀ ਬਰਾਬਰੀ ਦੇ ਹਾਲਾਤ ਪੈਦਾ ਨਹੀਂ ਹੁੰਦੇ, ਸਾਨੂੰ ਉਨਾਂ ਚਿਰ ਉਨ੍ਹਾਂ ਵਿਚ ਫਰਕ ਦਾ ਵੀ ਪਤਾ ਨਹੀਂ ਲੱਗ ਸਕਦਾ। ਹੁਣ ਤਾਂ ਉਹ ਇਕ ਅਰਧ ਵਿਕਸਤ ਮਨੁੱਖੀ ਜੀਵ ਹੈ।"

ਪੰਜਾਬੀ ਸਾਹਿਤ ਵਿਚ ਕੁਝ ਔਰਤ ਲੇਖਕਾਵਾਂ ਨੇ ਔਰਤ ਦੀ ਬਰਾਬਰੀ ਦਾ ਸਿਧਾਂਤਕ ਦ੍ਰਿਸ਼ਟੀ ਤੋਂ ਵਧੀਆ ਪੱਖ ਪੂਰਿਆ ਹੈ, ਪਰ ਕੁਝ ਇਕ ਨੇ ਸਮਕਾਲੀ ਸਮਾਜ ਵਿਚ ਔਰਤ ਦੀ ਸਥਿਤੀ ਦਾ ਸਹੀ ਸਹੀ ਜਾਇਜ਼ਾ ਲੈਕੇ ਇਹਨੂੰ ਸੁਲਝਾਉਣ ਦੀ ਥਾਂ ਕਈ ਘਾਟੀਆ ਧਾਰਨਾਵਾਂ ਅਤੇ ਰੁਝਾਨ ਪੈਦਾ ਹੀ ਨਹੀਂ ਕੀਤੇ, ਸਗੋਂ ਇਨ੍ਹਾਂ ਦਾ ਪਰਚਾਰ ਵੀ ਕੀਤਾ ਹੈ। ਇਨ੍ਹਾਂ ਲੇਖਕਾਵਾਂ ਨੇ ਅੱਜ ਦੇ ਅਰਧ-ਜਾਗੀਰੂ ਸਮਾਜਕ ਪ੍ਰਬੰਧ ਵਾਲੇ ਸਮਾਜ ਅੰਦਰ ਔਰਤ ਦੀ ਸਮਾਜਕ ਸਥਿਤੀ ਦਾ ਯਥਾਰਥ ਪੇਸ਼ ਨਹੀਂ ਕੀਤਾ। ਪੱਛਮ ਦੇ ਪਤਨਸ਼ੀਲ ਸੱਭਿਆਚਾਰ ਦੇ ਪ੍ਰਭਾਵ ਹੇਠ ਕੁਝ ਲੇਖਕਾਵਾਂ ਨੇ ਸਿਹਤਮੰਦ ਭਵਿੱਖ ਲਈ ਸੇਧ ਦੇਣ ਦੀ ਬਜਾਏ ਔਰਤ ਨੂੰ ਸਥਾਪਤ ਪਰਵਾਰਕ ਸੰਸਥਾ ਵਿਰੁਧ ਬਗਾਵਤ ਕਰਕੇ ਪੱਛਮ ਦੀ ਭਟਕੀ ਹੋਈ ਔਰਤ ਵਾਂਗ ਬੇਲਗਾਮ ਜਿਨਸੀ ਸਬੰਧ ਕਾਇਮ ਕਰਨ ਲਈ ਹੀ ਉਕਸਾਇਆ ਹੈ। ਇਹੀ ਹੈ ਉਹਨਾਂ ਦੇ ਔਰਤ ਦੀ ਆਜ਼ਾਦੀ ਦਾ ਸੰਕਲਪ। ਇਸ ਉਦਾਹਰਣ ਹੈ ਅੰਮ੍ਰਿਤਾ ਪ੍ਰੀਤਮ ਦੀ - ਅੰਮ੍ਰਿਤਾ ਨੇ ਆਪਣੇ ਨਾਵਲਾਂ ਅਤੇ ਸਵੈ-ਜੀਵਨੀ ਰਚਨੀਆਂ ਲਿਖਤਾਂ ਰਾਹੀਂ ਔਰਤ ਦਾ ਜਿਹੜਾ ਸੰਕਲਪ ਪੇਸ਼ ਕੀਤਾ ਹੈ, ਉਹ ਕੋਈ ਸਮਾਜਕ ਔਰਤ ਦਾ ਸੰਕਲਪ ਨਹੀਂ - ਸਗੋਂ ਇਹ ਤਾਂ ਲਿੱਬੜੇ ਹੋਏ ਪੱਛਮੀ ਸੱਭਿਆਚਾਰ ਅੰਦਰ ਜਿਨਸੀ ਹਵਸ ਨਾਲ ਪਾਗਲ ਅਤੇ ਭਟਕੀ ਔਰਤ ਦਾ ਸੰਕਲਪ ਹੈ। ਸਾਹਿਤ ਵਿਚ ਉਹਦੇ ਇਸ ਖਿਆਲਾਉਂਦੇ ਪਰਚਾਰ ਦੇ ਮਾਰੂ ਅਤੇ ਘਾਤਕ ਪ੍ਰਭਾਵ ਹੇਠ ਕਈ ਔਰਤਾਂ, ਮਰਦਾਂ ਅਤੇ ਲੜਕੇ ਲੜਕੀਆਂ ਦੇ ਵਿਆਹ ਪਿੱਛੋਂ ਆਪਸੀ ਸਬੰਧਾਂ ਵਿਚ ਤਰੇੜਾਂ ਆ ਰਹੀਆਂ ਹਨ। ਅੰਮ੍ਰਿਤਾ ਦੀ ਧਾਰਨਾ ਅਨੁਸਾਰ ਔਰਤ ਦੀ ਆਜ਼ਾਦੀ ਦਾ ਅਰਥ ਹੈ ਉਹਦਾ ਜਿਨਸੀ ਖੁਲ੍ਹਾਂ ਲੈਣਿਆਂ ਮਰਦ ਦੇ ਬਰਾਬਰ ਦੀ ਹਸ਼ੀ ਹੋਣਾ। ਅੰਮ੍ਰਿਤਾ ਵਿਚੋਂ ਉਹ ਔਰਤ ਪਤਾ ਨਹੀਂ ਕਿਥੇ ਗਾਇਬ ਹੋ ਗਈ ਹੈ, ਜਿਸਨੇ ਦੇਸ਼ ਦੀ ਵੰਡ ਸਮੇਂ ਹੋਏ ਵਿਕਰੂ ਫਸਾਦਾਂ ਅਤੇ ਖ਼ੂਨ-ਖਰਾਬੇ ਬਾਰੇ ਇਹ ਸ਼ਬਦ ਕਹੇ ਸਨ:

"ਅੱਜ ਆਖਾਂ ਵਾਰਿਸਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ,
ਅੱਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ,
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸਸ਼ਾਹ ਨੂੰ ਕਹਿੰਦੀਆਂ"

ਅੰਮ੍ਰਿਤਾ ਪ੍ਰੀਤਮ ਦੀਆਂ ਕਾਮ-ਪ੍ਰਧਾਨ ਲਿਖਤਾਂ ਦਾ ਸਿੱਟਾ ਇਹ ਹੈ ਕਿ ਔਰਤਾਂ ਆਪਣੇ ਮਰਦਾਂ ਨੂੰ ਛੱਡ ਕੇ ਗੈਰ ਮਰਦਾਂ ਨਾਲ ਸਬੰਧ ਜੋੜਨ ਵੱਲ ਤੁਰੀਆਂ ਹੋਈਆਂ ਹਨ ਅਤੇ ਮਰਦ ਗੈਰ ਔਰਤਾਂ ਵੱਲ। ਅੱਜ ਦੇ ਅਰਧ-ਜਾਗੀਰੂ ਸਮਾਜਕ ਪ੍ਰਬੰਧ ਅੰਦਰ ਸਮਾਜ ਦੀਆਂ ਚੋਟੀਆਂ ਤੇ ਰਹੀਆਂ ਕਦਰਾਂ ਕੀਮਤਾਂ ਅਤੇ ਸੰਸਕਾਰਾਂ ਕਾਰਨ ਔਰਤਾਂ ਕਿਵੇਂ ਦਾਜ ਦੀ ਬਲੀ ਚੜ੍ਹ ਰਹੀਆਂ ਹਨ ਜਾਂ ਬਲਾਤਕਾਰ ਦਾ ਸ਼ਿਕਾਰ ਹੋ ਰਹੀਆਂ ਹਨ- ਮੱਧ-ਸ਼੍ਰੇਣੀ ਦੀਆਂ ਔਰਤਾਂ ਆਪਣੇ ਜੀਵਨ ਪੱਧਰ ਨੂੰ ਕਾਇਮ ਰੱਖਣ ਲਈ, ਆਰਥਕ ਸੰਕਟ ਤੋਂ ਤੰਗ ਆਕੇ ਕਿਵੇਂ ਵੇਸਵਾਪੁਣੇ ਦਾ ਸ਼ਿਕਾਰ ਹੋ ਰਹੀਆਂ ਹਨ - ਇਹ ਸਭ ਕੁਝ ਪਤਾ ਨਹੀਂ ਉਹਨੂੰ ਕਿਉਂ ਨਜ਼ਰ ਨਹੀਂ ਆਇਆ। ਸਮਾਜ ਦੇ ਖਾਂਦੇ ਪੀਂਦੇ ਜਾਗੀਰੂ ਅਤੇ ਉਪਰਲੀ ਮੱਧ-ਸ਼੍ਰੇਣੀ ਦੇ ਪਰਿਵਾਰਾਂ ਦੀਆਂ ਔਰਤਾਂ ਵਲੋਂ ਰੋਜ਼ ਨਵੇਂ ਮਰਦਾਂ ਨਾਲ ਜਿਨਸੀ ਆਨੰਦ ਮਾਣਨ ਦੀ ਹਵਸ ਲਈ ਸਮਾਜ ਵਿਰੁਧ ਬਗਾਵਤ ਕੋਈ ਵਧੀਆ ਸਮਾਜ ਦੀ ਉਸਾਰੀ ਲਈ ਵਿਦਰੋਹ ਨਹੀਂ ਸਗੋਂ ਆਪਣੇ ਹੀ ਭ੍ਰਿਸ਼ਟ ਹੋਏ ਹਉਮੈ ਦੀ ਤ੍ਰਿਪਤੀ ਲਈ ਚਰਿਤ੍ਰ ਦਾ ਨਿਘਾਰ ਹੈ। ਅੱਜ ਸਥਿਤੀ ਇਹ ਹੈ ਕਿ ਸਾਹਿਤ ਦੁਆਰਾ ਪਰਚਾਰੇ ਗਏ ਅਜੇਹੇ ਸੂਖਮ ਅਸਰ ਨੇ ਕਈ ਵਿਵਾਹਤ ਜੋੜਿਆਂ ਅਤੇ ਕੁਆਰੇ ਲੜਕੇ ਲੜਕੀਆਂ ਦਾ ਜੀਵਨ ਜੇ ਤਬਾਹ ਨਹੀਂ ਕੀਤਾ ਤਾਂ ਤਬਾਹੀ ਵਰਗੇ ਆਸਾਰ ਜ਼ਰੂਰ ਪੈਦਾ ਕਰ ਦਿਤੇ ਹਨ। ਦਲੀਪ ਕੌਰ ਟਿਵਾਣਾ ਪੰਜਾਬੀ ਸਾਹਿਤ ਦੀ ਇਕ ਹੋਰ ਚਰਚਤ ਨਾਵਲਕਾਰ ਹੈ। ਟਿਵਾਣਾ ਦੀਆਂ ਲਿਖਤਾਂ ਪੜ੍ਹਕੇ ਵੀ ਔਰਤ ਦੀ ਆਜ਼ਾਦੀ ਦਾ ਜਿਹੜਾ ਅਰਥ ਨਿਕਲਦਾ ਹੈ ਉਹ ਵੀ ਹੈ ਉਹਦਾ ਮਰਦ ਦੇ ਬਰਾਬਰ ਬੀਰਸ਼ੀ ਹੋਣਾ। 'ਇਹ ਹਮਾਰਾ ਜੀਵਣਾ' ਨਾਵਲ ਵਿਚ ਟਿਵਾਣਾ ਨੇ ਸਾਡੇ ਸਮਾਜ ਵਿਚ ਔਰਤ ਦੀ ਦੱਬੀ ਹੋਈ ਅੰਦਰੂਨੀ ਬਗਾਵਤ ਨੂੰ ਉਹਦੇ ਸੁਪਨਿਆਂ, ਸੱਧਰਾਂ, ਉਹਦੀਆਂ ਬਰਾਬਰੀ ਅਤੇ ਆਜ਼ਾਦੀ ਦੀ ਭਾਵਨਾਂ ਨੂੰ ਸਾਹਿਤਕ ਜ਼ੁਬਾਨ ਦੇਣ ਦੀ ਥਾਂ ਇਕ ਬੇਜ਼ੁਬਾਨ ਲੋਥ (ਭਾਨੋ) ਦੇ ਤੌਰ ਤੇ ਪੇਸ਼ ਕੀਤਾ ਹੈ। ਕਹਾਣੀ ਦੀ ਨਾਇਕਾ 'ਭਾਨੋ' ਨੂੰ ਹੋਣੀ ਦੇ ਅੱਗੇ ਝੁਕਿਆ ਹੋਇਆ ਹੈ ਅਤੇ ਉਹ ਸਿਰ ਸੁੱਟੀ ਘਸੀਟੀ ਤੁਰੀ ਜਾ ਰਹੀ ਹੈ। ਇਸਤੋਂ ਵੀ ਅਗਾਂਹ ਉਸਨੇ ਆਪਣੇ ਨਾਵਲ 'ਪੀਲੇ ਪੱਤਿਆਂ ਦੀ ਦਾਸਤਾਨ' ਵਿਚ ਵੀ ਇਹੀ ਪੱਖ ਲਿਆ ਹੈ ਕਿ ਸਮਾਜ ਵਿਚ ਔਰਤ ਦੀ ਬਰਾਬਰੀ ਜਾਂ ਆਜ਼ਾਦੀ ਦਾ ਅਰਥ ਹੈ - ਔਰਤ ਦਾ ਸ਼ਰਾਬ ਪੀਵੇ, ਨੰਗੀ ਹੋਕੇ ਰਾਤੀ ਪੰਜਾਹ ਬੰਦਿਆਂ ਦੇ ਸਾਹਮਣੇ ਨੱਚਣਾ ਅਤੇ ਮਜ਼ਬੂਰਨ ਵੇਸਵਾ ਬਣਨਾ। ਇਹ ਸਮਾਜ ਦੇ ਲਿੱਬੜੇ ਹੋਏ ਕਿਸੇ ਵਿਸ਼ੇਸ਼ ਵਰਗ ਦੀ ਔਰਤ ਦਾ ਯਥਾਰਥ ਤਾਂ ਹੋ ਸਕਦਾ ਹੈ ਪਰ ਸਮੁੱਚੇ ਸਮਾਜ ਦਾ ਯਥਾਰਥ ਨਹੀਂ। ਲੇਖਕਾ ਨਾਵਲ ਵਿਚ ਨਾਇਕਾ ਊਸ਼ਾ ਨੂੰ ਪਵਿਤਰਤਾ ਅਤੇ ਸਮਾਜਕ ਮਰਿਯਾਦਾ ਦੇ ਰਾਹ ਤੋਂ ਭਟਕਾ ਕੇ ਦੁਰਾਚਾਰ ਦੇ ਰਾਹ ਤੇ ਲੈ ਗਈ ਹੈ, ਜਦੋਂ ਕਿ ਨਾਵਲਕਾਰ ਦੇ ਕਥਨ ਅਨੁਸਾਰ ਨਾਇਕਾ ਪਤੀ ਦਾ ਰਾਹ ਕਦੇ ਅਖਤਿਆਰ ਨਹੀਂ ਕਰ ਸਕਦੀ।

ਭਾਰਤੀ ਫਿਲਮਾਂ ਵਿਚ ਔਰਤ ਦੀ ਸਥਿਤੀ ਨੂੰ ਵਿਗਾੜਨ ਦਾ ਜੋ ਹਸ਼ਰ ਹੁੰਦਾ ਰਿਹਾ ਹੈ, ਆਉ ਇਸ ਦਾ ਵੀ ਸੰਖੇਪ ਜਿਹਾ ਜਾਇਜ਼ਾ ਲੈ ਲਈਏ। ਫਿਲਮਾਂ ਵਿਚ ਔਰਤ ਨੂੰ ਆਮ ਤੌਰ 'ਤੇ ਆਦਰਸ਼ਵਾਦ ਦੇ ਚੌਖਟੇ 'ਚ ਰੱਖਕੇ ਜਾਂ ਤਾਂ ਦੇਵੀ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਰਿਹਾ ਹੈ ਜਾਂ ਫਿਰ ਸਰੀਰ ਦੇ ਅੰਗਾਂ ਅਤੇ ਪਹਿਰਾਵੇ ਦਾ ਪ੍ਰਦਰਸ਼ਨ ਕਰਦੀ ਹੋਈ ਵੇਸਵਾ ਦੇ ਰੂਪ ਵਿਚ। ਕਿਤੇ ਬਹੁਤ ਹੀ ਘੱਟ ਅਜੇਹੀ ਫਿਲਮ ਬਣੀ ਹੈ ਜਿਸ ਵਿਚ ਔਰਤ ਨੂੰ ਸਮਾਜ ਦੇ ਬੁਨਿਆਦੀ ਹਿਤਾਂ ਦਾ ਆਧਾਰ ਬਣਾਕੇ ਪੇਸ਼ ਕੀਤਾ ਗਿਆ ਹੋਵੇ। ਫਿਲਮੀ ਪਰਦੇ ਉਪਰ ਫਿਲਮ ਦੀ ਕਹਾਣੀ ਅਨੁਸਾਰ ਨਾਇਕਾ ਜਾਂ ਸਹਾਇਕ ਨਾਇਕਾ ਦੀ ਹਰ ਹਰਕਤ, ਪਹਿਰਾਵੇ ਅਤੇ ਵਾਰਤਾਲਾਪ ਦੇ ਹਾਵ-ਭਾਵ ਅਤੇ ਅਭਿਨੈ ਦੇ ਸਮੁੱਚੇ ਪ੍ਰਭਾਵ ਵਿਚੋਂ ਔਰਤ ਦਾ ਜਿਹੜਾ ਬਿੰਬ ਉਭਰਦਾ ਹੈ ਉਹ ਵੇਸਵਾ ਜਾਂ ਕਿਸੇ ਬਜ਼ਾਰੂ ਔਰਤ ਦਾ ਬਿੰਬ ਨਾ ਕਿ ਸਾਡੀ ਸਮਾਜਕ ਅਤੇ ਘਰੇਲੂ ਔਰਤ ਦਾ। ਇਸ ਲਈ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਔਰਤ ਦਾ ਅਜੇਹਾ ਕਾਮ-ਉਕਸਾਊ ਪਹਿਰਾਵਾ ਅਤੇ ਵਾਰਤਾਲਾਪ ਦਾ ਰੰਗਢੰਗ ਫਿਲਮ ਵੇਖਣ ਵਾਲਿਆਂ ਸਾਹਮਣੇ ਇਕ ਅਜੇਹਾ ਭੁਲਾਊ

ਮਹੌਲ ਉਸਾਰਦਾ ਹੈ ਕਿ ਮਰਦ ਦਾ ਧਿਆਨ ਔਰਤ ਨੂੰ ਇਕ ਹੰਢਾਉਣ ਵਾਲੀ ਚੀਜ਼ ਸਮਝਣ ਤੋਂ ਅਗਾਂਹ ਨਹੀਂ ਜਾਂਦਾ ਅਤੇ ਮਰਦ ਅੰਦਰ ਔਰਤ ਪ੍ਰਤੀ ਅਜੇਹੀਆਂ ਵੈਸ਼ੀ ਪ੍ਰਵਿਰਤੀਆਂ ਦੇ ਭੜਕਾਹਟ ਦੇ ਸਿੱਟੇ ਵਜੋਂ ਹੀ ਬਲਾਤਕਾਰ ਦੀਆਂ ਵਾਰਦਾਤਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਅਜੇਹੀਆਂ ਭਾਰਤੀ ਫਿਲਮਾਂ ਦੇ ਪਰਸੰਗ ਵਿਚ ਇਹੀ ਕਿਹਾ ਜਾ ਸਕਦਾ ਹੈ: ਜਿਹੜੀ ਔਰਤ ਅਸੀਂ ਫਿਲਮ ਦੇ ਪਰਦੇ ਉਪਰ ਵੇਖਦੇ ਹਾਂ ਉਹ ਔਰਤ ਦੀ ਸੋਹਜ ਇਕ ਤਸਵੀਰ ਹੈ - ਇਹ ਸਾਡੇ ਸਮਾਜ ਦੇ ਦੁੱਖ ਸੁੱਖ ਭੋਗਦੀ ਹੱਡ ਮਾਸ ਦੀ ਬਣੀ ਹੋਈ ਔਰਤ ਨਹੀਂ। ਜੇ ਕਦੇ ਕੋਈ ਪਰਿਵਾਰਕ ਜਾਂ ਸਮਾਜਕ ਫਿਲਮ ਬਣੀ ਵੀ ਹੈ ਤਾਂ ਉਹਦੇ ਵਿਚ ਵੀ ਔਰਤ ਨੂੰ ਪਤੀਵਰਤਾ ਜਾਂ ਮਰਦ ਦੀ ਗੁਲਾਮ ਰਹਿਣ ਦੀ ਹੀ ਸਿੱਖਿਆ ਹੁੰਦੀ ਹੈ। ਸਤਾਈ ਅਠਾਈ ਸਾਲ ਪਹਿਲਾਂ 'ਮਦਰ ਇੰਡੀਆ' ਇਕ ਅਜੇਹੀ ਫਿਲਮ ਆਈ ਸੀ ਜਿਸ ਵਿਚ ਔਰਤ ਨੂੰ ਜਾਗੀਰੂ ਅਤੇ ਅਰਧ-ਬਸਤੀਵਾਦੀ ਲੁੱਟ ਦੇ ਵਿਰੁੱਧ ਵੀਰਾਂਗਣ ਦੇ ਤੌਰ 'ਤੇ ਪੇਸ਼ ਕੀਤਾ ਗਿਆ ਸੀ। ਸੂਦਖੋਰੀ ਦੀ ਅੰਨ੍ਹੀ ਲੁੱਟ ਅਤੇ ਜਬਰ ਹੇਠ ਪਿੱਸ ਰਹੀ ਕਿਸਾਨੀ ਦੀ ਇਹ ਮੂੰਹ ਬੋਲਦੀ ਤਸਵੀਰ ਸੀ। ਔਰਤ ਬੜੀ ਦਲੇਰੀ ਅਤੇ ਸਿਰੜ ਨਾਲ ਕਿਸਾਨੀ ਜੀਵਨ ਦੇ ਸੰਘਰਸ਼ ਨੂੰ ਆਪਣੇ ਪਿੰਡੇ 'ਤੇ ਹੰਢਾਉਂਦੀ ਹੈ। ਘਰ ਦੀ ਅਤਿ ਦਰਜੇ ਦੀ ਗਰੀਬੀ ਅਤੇ ਸ਼ਾਹੂਕਾਰ ਦੇ ਕਰਜ਼ੇ ਤੋਂ ਤੰਗ ਆਕੇ ਪਤੀ ਤਾਂ ਘਰ ਨੂੰ ਤਿਆਗ ਕੇ ਕਿਤੇ ਦੂਰ ਨਿੱਕਲ ਜਾਂਦਾ ਹੈ, ਬਾਅਦ ਵਿਚ ਮਾਂ ਦੇ ਰੂਪ ਵਿਚ ਇਹ ਔਰਤ ਹੀ ਹੈ ਜੋ ਕਿ ਬੱਚਿਆਂ ਦੀ ਪਰਵਰਸ਼ ਲਈ ਸਰਦੀਆਂ, ਗਰਮੀਆਂ ਅਤੇ ਬਰਸਾਤਾਂ ਸਿਰ ਤੇ ਸਹਿੰਦੀ ਹੋਈ ਖੇਤੀ ਦਾ ਕਾਰੋਬਾਰ ਮਰਦ ਵਾਂਗ ਆਪ ਸੰਭਾਲਦੀ ਹੈ। ਫਿਲਮ ਵਿਚ ਇਕ ਗਰੀਬ ਕਿਸਾਨ ਦੀ ਨੌਜਵਾਨ ਵਿਧਵਾ ਆਪਣੇ ਬੱਚਿਆਂ ਨੂੰ ਫਾਕਾਕਸ਼ੀ ਤੋਂ ਬਚਾਉਣ ਲਈ ਆਪਣੀ ਜਾਨ ਤੇ ਵੀ ਖੇਲ ਜਾਂਦੀ ਹੈ। ਸੋ ਇਸ ਫਿਲਮ ਵਿਚ ਸਾਨੂੰ ਭਾਰਤੀ ਸਮਾਜ ਦੀ ਔਰਤ ਦੇ ਅਸਲੀ ਕਿਰਦਾਰ ਦੀ ਸਹੀ ਝਲਕ ਮਿਲਦੀ ਹੈ।

ਅੱਜ ਸਾਡੇ ਸਮਾਜਕ ਢਾਂਚੇ ਅੰਦਰ ਸਥਿਤੀ ਇਹ ਹੈ ਕਿ ਔਰਤ ਘਰ ਵਿਚ ਤਾਂ ਮਰਦ ਦੀ ਗੁਲਾਮ ਹੈ ਅਤੇ ਘਰ ਦੀਆਂ ਚਾਰ ਦੀਵਾਰਾਂ ਤੋਂ ਬਾਹਰ ਸਮਾਜ ਦੀ ਗੁਲਾਮ। ਲੋਟੂ ਅਤੇ ਲੁਟੀਂਦੀਆਂ ਜਮਾਤਾਂ ਵਿਚ ਵੰਡੇ ਹੋਏ ਸਮਾਜ ਵਿਚ ਤਾਂ ਪਹਿਲਾਂ ਹੀ ਮਰਦ ਦੂਸਰੇ ਮਰਦ ਦਾ ਗੁਲਾਮ ਹੁੰਦਾ ਹੈ। ਨਾਵਲਕਾਰ ਨਾਨਕ ਸਿੰਘ ਨੇ ਔਰਤ ਦੀ ਅਜੇਹੀ ਦੂਹਰੀ ਗੁਲਾਮੀ ਦਾ ਵਿਸ਼ਲੇਸ਼ਣ ਕਰਦਿਆਂ ਠੀਕ ਹੀ ਕਿਹਾ ਸੀ: "ਘਰ ਵਿਚ ਔਰਤ ਆਟੇ ਦੀ ਉਸ ਲੋਣ ਵਾਂਗ ਹੈ ਜਿਸਨੂੰ ਅੰਦਰ ਪਈ ਨੂੰ ਤਾਂ ਚੂਹੇ ਖਾਣ ਪੈਂਦੇ ਹਨ ਅਤੇ ਬਾਹਰ ਕਾਂ।" ਹੁਣ ਦੱਸੋ ਉਹ ਵੇਚਾਰੀ ਜਾਵੇ ਤਾਂ ਕਿਥੇ ਜਾਵੇ। ਅੱਜ ਵੀ ਸਾਡੇ ਸਮਾਜ ਵਿਚ ਸਥਿਤੀ ਇਹ ਹੈ ਕਿ ਲੜਕੀ ਮੁਟਿਆਰ ਹੋਕੇ ਜਦੋਂ ਵਿਆਹਣਯੋਗ ਹੋ ਜਾਂਦੀ ਹੈ ਤਾਂ ਉਸਦੇ ਮਾਂ ਪਿਉ ਜਾਂ ਭਰਾ ਕੁੜੀ ਦੀਆਂ ਤਾਂਘਾਂ ਅਤੇ ਉਮੀਦਾਂ ਦਾ ਖਿਆਲ ਕੀਤੇ ਬਗੈਰ ਹੀ ਉਹਦੇ ਲਈ ਇਕ ਵਰ ਲੱਭਣ ਤੁਰ ਪੈਂਦੇ ਹਨ ਜਿਵੇਂ ਕਿ ਇਹ ਮਸਲਾ ਕੁੜੀ ਦਾ ਨਾਂ ਹੋਕੇ ਸਿਰਫ ਉਹਨਾਂ ਦੇ ਨਿੱਜੀ ਜੀਵਨ ਦਾ ਹੋਵੇ। ਵਰ ਲੱਭਣ ਤੋਂ ਵਿਆਹ ਹੋਣ ਤੱਕ ਦੇ ਅਰਸੇ ਤੱਕ ਕੁੜੀ ਬਿਲਕੁਲ ਚੁੱਪ ਜਾਂ ਗੂੰਗੀ ਬਣੀ ਰਹਿੰਦੀ ਹੈ - ਅਜੇਹਾ ਭਾਰੀ ਦਬਾਅ ਹੈ ਸਾਡੇ ਸੰਸਕਾਰਾਂ ਅਤੇ ਰਵਾਇਤਾਂ ਦਾ!

ਔਰਤ ਦੀ ਮੁਕਤੀ ਦਾ ਰਾਹ: ਮਹਾਨ ਚਿੰਤਕ ਕਾਰਲ ਮਾਰਕਸ ਨੇ ਕਿਹਾ ਸੀ," ਕੋਈ ਵੀ ਮਹਾਨ ਸਮਾਜਕ ਤਬਦੀਲੀ ਔਰਤਾਂ ਦੀ ਸ਼ਮੂਲੀਅਤ ਤੋਂ ਬਿਨਾ ਸੰਭਵ ਨਹੀਂ। ਔਰਤ ਜਾਤੀ ਦਾ ਸਾਡੇ ਸਮਾਜ ਵਿਚ ਗੁਲਾਮ ਹੋਣ ਦਾ ਅਰਥ ਹੈ ਕਿ ਸਾਡੇ ਸਮਾਜ ਦਾ ਅੱਧਾ ਹਿੱਸਾ ਗੁਲਾਮ ਹੈ। ਕਿਸੇ ਵੀ ਸਮਾਜਕ ਕਰਾਂਤੀ ਦੇ ਮਹਾਨ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਜਿਥੇ ਕਰਾਂਤੀਕਾਰੀ ਮਰਦਾਂ ਦੀ ਲੋੜ ਹੁੰਦੀ ਹੈ ਉਥੇ ਚੇਤੰਨ ਤੇ ਜਾਗਦੀਆਂ ਔਰਤਾਂ ਦੀ ਵੀ ਬਰਾਬਰ ਲੋੜ ਹੈ। ਪਰ ਸਮਾਜਕ ਤਬਦੀਲੀ ਦੇ ਸੰਘਰਸ਼ ਵਿਚ ਸ਼ਾਮਲ ਹੋਣ ਲਈ ਔਰਤ ਨੂੰ ਸਮਾਜਵਾਦੀ ਸਿਧਾਂਤ ਦੀ ਸਮਝ ਨਾਲ ਲੈਸ ਹੋਣਾ ਪੈਣਾ ਹੈ ਕਿਉਂਕਿ ਸੰਸਾਰ ਵਿਚ ਸਮਾਜਵਾਦ ਹੀ ਇਕ ਐਸੀ ਵਿਚਾਰਧਾਰਾ ਹੈ ਜੋ ਕਿ ਔਰਤ ਅਤੇ ਮਰਦ ਨੂੰ ਬੁਨਿਆਦੀ ਤੌਰ 'ਤੇ ਬਰਾਬਰ ਸਮਝਦੀ ਹੈ।" ਮਹਾਂਪੰਡਿਤ ਰਾਹੁਲ ਸੰਸਕ੍ਰਿਤਾਇਨ ਨੇ ਠੀਕ ਹੀ ਕਿਹਾ ਸੀ "ਔਰਤਾਂ ਦੀ ਸੁਤੰਤਰਤਾ ਸਮਾਜਵਾਦ ਵਿਚ ਹੀ ਸੰਭਵ ਹੈ, ਕਿਉਂਕਿ ਇਹ ਉਹਨਾਂ ਨੂੰ ਸਾਰੀਆਂ ਸੁਤੰਤਰਤਾਵਾਂ ਦੀ ਮਾਂ - ਆਰਥਕ ਸੁਤੰਤਰਤਾ ਪਰਦਾਨ ਕਰਦਾ ਹੈ। ਉਹ ਇਸ ਸੁਤੰਤਰਤਾ ਦੇ ਰਾਹ ਨੂੰ ਰੋਕਣ ਵਾਲੇ ਧਰਮ, ਈਸ਼ਵਰ ਅਤੇ ਸਮਾਜ ਕਿਸੇ ਦੀ ਡਰ ਦੀ ਪਰਵਾਹ ਨਹੀਂ ਕਰਦਾ। ਇਹ ਵਿਆਹ ਨੂੰ ਔਰਤਾਂ ਲਈ ਜੀਵਨ ਨਿਰਬਾਹ ਦਾ ਪੇਸ਼ਾ ਨਹੀਂ ਬਣਨ ਦਿੰਦਾ। ਇਹ ਸਮਝਦਾ ਹੈ ਕਿ ਔਰਤਾਂ ਮਰਦਾਂ ਤੋਂ ਘੱਟ ਯੋਗਤਾ ਨਹੀਂ ਰੱਖਦੀਆਂ।"

ਔਰਤਾਂ ਨੂੰ ਪੁਰਾਤਨ ਸੰਸਕਾਰਾਂ ਅਤੇ ਜਹਾਲਤ ਤੋਂ ਮੁਕਤ ਕਰਾਉਣ ਲਈ ਅਕਾਦਮਿਕ ਪੱਧਰ 'ਤੇ ਹੀ ਨਹੀਂ, ਸਮਾਜਕ ਪੱਧਰ 'ਤੇ ਵੀ ਸਿੱਖਿਅਤ ਕਰਨਾ ਪਏਗਾ। ਸੁਮਨ ਸੈਗਲ ਨੇ ਔਰਤਾਂ ਨੂੰ ਸਿੱਖਿਅਤ ਅਤੇ ਜਾਗ੍ਰਿਤ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਸੀ: "ਅਸਿੱਖਿਅਤ, ਗੈਰ-ਜ਼ਿੰਮੇਵਾਰ ਪਤਨੀ ਦਾ ਪਤੀ ਤੇ ਕੀ ਅਸਰ ਹੋ ਸਕਦਾ ਹੈ, ਇਹਦਾ ਅਨੁਮਾਨ ਲਾਇਆ ਜਾ ਸਕਦਾ ਹੈ। ਜਿਸਨੂੰ ਕੇਵਲ ਘਰ ਦੇ ਨਿਕਸੁਕ ਦਾ ਹੀ ਫਿਕਰ ਰਹਿੰਦਾ ਹੈ, ਉਹ ਬੱਚੇ ਦੀਆਂ ਉਲਝੀਆਂ ਵਿਚਾਰਾਂ ਵਿਚ ਕੀ ਹਿੱਸਾ ਪਾ ਸਕਦੀ ਹੈ।"

o o o o


**VICON MEDIC PHARMACY**

ਵਾਈਕਾਨ ਫਾਰਮੇਸੀ ਤੁਹਾਡੀ ਸਹੂਲਤ ਲਈ 6407 MAIN ST. ਤੇ ਖੁੱਲ੍ਹ ਗਿਆ ਹੈ। ਇਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ ਤੇ ਖਰੀਦ ਸਕਦੇ ਹੋ। ਖੁਦ ਆਓ ਤੇ ਅਜ਼ਮਾ ਕੇ ਵੇਖੋ।

**TEL: 324-3177**

KENNY K. H. NG B.Sc. (PHARM.) R.P.E.B.C.

PAUL C. Y. FU B.Sc. (PHARM.) R.P.E.B.C.

**6407 MAIN ST.**
**VANCOUVER, B.C.**

# ਕਨੇਡੀਅਨ ਫਾਰਮਵਰਕਰਜ਼ ਯੂਨੀਅਨ (CFU)
## (ਇੱਕ ਰਿਪੋਰਟ)

6 ਅਪਰੈਲ, 1982 ਨੂੰ ਕਨੇਡੀਅਨ ਫਾਰਮਵਰਕਰਜ਼ ਯੂਨੀਅਨ (**CFU**) ਨੂੰ ਬਣਿਆਂ ਪੂਰੇ 2 ਸਾਲ ਹੋ ਗਏ। ਇਸ ਥੋੜ੍ਹੇ ਜਿਹੇ ਸਮੇਂ ਵਿੱਚ ਯੂਨੀਅਨ ਨੇ ਫਾਰਮਵਰਕਰਾਂ ਲਈ ਕਈ ਮਹੱਤਵਪੂਰਨ ਜਿੱਤਾਂ ਜਿੱਤੀਆਂ ਤੇ ਕਨੇਡੀਅਨ ਮਜ਼ਦੂਰ ਜਮਾਤ ਦੇ ਘੋਲਾਂ ਵਿੱਚ ਅਣਮੁੱਲਾ ਹਿੱਸਾ ਪਾਇਆ।

ਕਨੇਡਾ ਵਿੱਚ ਖੇਤ ਮਜ਼ਦੂਰਾਂ ਦੀ ਜੋ ਦੁਰਦਸ਼ਾ ਹੋ ਰਹੀ ਸੀ, ਉਸ ਬਾਰੇ 2 ਸਾਲ ਪਹਿਲਾਂ ਕਨੇਡਾ ਦੀ ਆਮ ਜਨਤਾ ਨੂੰ ਬਹੁਤ ਘੱਟ ਜਾਣਕਾਰੀ ਸੀ। ਅੱਜ ਸਭ ਨੂੰ ਪਤਾ ਲੱਗ ਚੁਕਿਆ ਹੈ ਕਿ ਖੇਤ ਮਜ਼ਦੂਰ ਇਕੱਠੇ ਹੋਕੇ ਯੂਨੀਅਨ ਰਾਹੀਂ ਆਪਣੇ ਹੱਕਾਂ ਲਈ ਜਦੋਜਹਿਦ ਕਰ ਰਹੇ ਹਨ। ਬੀ. ਸੀ. ਦੀ ਸੂਬਾਈ ਸਰਕਾਰ, ਜੋਕਿ ਹਰ ਸੰਭਵ ਤਰੀਕੇ ਨਾਲ ਖੇਤ ਮਜ਼ਦੂਰਾਂ ਨਾਲ ਵਿਤਕਰਾ ਕਰਦੀ ਹੈ, ਨੂੰ ਵੀ ਯੂਨੀਅਨ ਦੀ ਵਧ ਰਹੀ ਤਾਕਤ ਨੂੰ ਦੇਖਦਿਆਂ ਹੋਇਆਂ ਕਈ ਕਾਨੂੰਨਾਂ ਵਿੱਚ ਮਜਬੂਰਨ ਤਬਦੀਲੀਆਂ ਕਰਨੀਆਂ ਪੈ ਰਹੀਆਂ ਹਨ।

30 ਮਾਰਚ 1982 ਨੂੰ **CFU** ਨੇ ਇੱਕ ਹੋਰ ਸ਼ਾਨਦਾਰ ਜਿੱਤ ਜਿੱਤੀ, ਜਦੋਂ ਬੀ. ਸੀ. ਦੇ ਵਰਕਰਜ਼ ਕੰਪਨ-ਸੇਸ਼ਨ ਬੋਰਡ ਨੇ 4 ਅਪਰੈਲ, 1983 ਤੋਂ ਕੰਪਨਸੇਸ਼ਨ ਦਾ ਕਾਨੂੰਨ ਸਾਰੇ ਖੇਤ ਮਜ਼ਦੂਰਾਂ ਉੱਪਰ ਲਾਗੂ ਕਰਨ ਦਾ ਐਲਾਨ ਕੀਤਾ। **CFU** ਸ਼ੁਰੂ ਤੋਂ ਹੀ ਖੇਤ ਮਜ਼ਦੂਰਾਂ 'ਤੇ ਕੰਪਨਸੇਸ਼ਨ ਦਾ ਕਾਨੂੰਨ ਲਾਗੂ ਕਰਵਾਉਣ ਦੀ ਕੋਸ਼ਿਸ਼ ਕਰ ਰਹੀ ਸੀ।

ਕੰਪਨਸੇਸ਼ਨ ਬੋਰਡ ਦੇ ਚੇਅਰਮੈਨ ਨੂੰ ਪਰੈੱਸ ਕਾਨਫਰੰਸ ਵਿੱਚ ਇਹ ਮੰਨਣਾ ਪਿਆ ਕਿ ਕੰਪਨਸੇਸ਼ਨ ਦਾ ਕਾਨੂੰਨ ਸਿਰਫ਼ ਇਸ ਕਰਕੇ ਲਾਗੂ ਹੋ ਰਿਹਾ ਹੈ ਕਿਉਂਕੇ ਖੇਤ ਮਜ਼ਦੂਰ ਜੱਥੇਬੰਦ ਹੋ ਰਹੇ ਹਨ।

ਇਸ ਸ਼ਾਨਦਾਰ ਜਿੱਤ ਜਿੱਤਣ ਤੋਂ ਕੁਝ ਦਿਨ ਪਹਿਲਾਂ 17 ਮਾਰਚ ਵਾਲੇ ਦਿਨ ਲੇਬਰ ਰੀਲੇਸ਼ਨਜ਼ ਬੋਰਡ (LRB) ਨੇ CFU ਦੇ ਪ੍ਰਤੀਨਿਧਾਂ ਨੂੰ ਫਰੇਜ਼ਰ ਵੈਲੀ ਦੇ ਅੱਠ ਵੱਡੇ ਫਾਰਮਾਂ ਦੇ ਕੈਂਪਾਂ ਅੰਦਰ ਜਾਣ ਦੀ ਇਜਾਜ਼ਤ ਦੇ ਦਿੱਤੀ ਤਾਂਕਿ ਉਹ ਖੇਤ ਮਜ਼ਦੂਰਾਂ ਨਾਲ ਗੱਲਬਾਤ ਕਰ ਸਕਣ। ਪਿਛਲੇ 2 ਸਾਲਾਂ ਦੌਰਾਨ ਯੂਨੀਅਨ ਕੈਂਪਾਂ ਵਿੱਚ ਰਹਿਣ ਵਾਲੇ ਖੇਤ ਮਜ਼ਦੂਰਾਂ ਨਾਲ ਗੱਲਬਾਤ ਕਰਨ ਤੋਂ ਅਸਮਰਥ ਰਹੀ ਹੈ। ਫਾਰਮਰ, ਯੂਨੀਅਨ ਦੇ ਪ੍ਰਤੀਨਿਧਾਂ ਨੂੰ ਕੈਂਪਾਂ ਵਿੱਚ ਜਾਣ ਤੋਂ ਰੋਕਦੇ ਸਨ ਕਿਉਂਕੇ ਉਹਨਾਂ ਨੂੰ ਡਰ ਹੈ ਕਿ ਕੈਂਪਾਂ ਵਿੱਚ ਰਹਿਣ ਵਾਲੇ ਵਰਕਰ ਕਿਤੇ ਯੂਨੀਅਨ ਦੇ ਮੈਂਬਰ ਨ ਬਣ ਜਾਣ।

ਪਿਛੇ ਜਿਹੇ ਯੂਨੀਅਨ ਨੇ ਇੱਕ ਫਾਰਮਰ ਨਾਲ ਇੱਕ ਸਮਝੌਤਾ ਕੀਤਾ; ਜਿਸ ਮੁਤਾਬਕ ਉਸਦੇ ਫਾਰਮ ਵਿੱਚ ਸਿਰਫ਼ ਯੂਨੀਅਨ ਮੈਂਬਰ ਹੀ ਕੰਮ ਕਰ ਸਕਣਗੇ। ਵਰਕਰਾਂ ਨੂੰ ਫਲੈਟ ਦੇ 3.00 ਡਾਲਰ ਅਤੇ ਘੰਟੇ ਦੇ 4 ਡਾਲਰ 40 ਸੈਂਟ ਮਿਲਣਗੇ ਅਤੇ ਅਖੀਰ ਵਿੱਚ ਵਰਕਰਾਂ ਨੂੰ ਘੱਟੋਘੱਟ 9 ਫਲੈਟਾਂ ਦੀ ਗਰੰਟੀ ਹੈ। ਇਹ ਪਹਿਲੀ ਵਾਰ ਹੈ ਜਦ ਕਿ ਕਿਸੇ ਫਾਰਮਰ ਨੇ ਖੇਤਮਜ਼ਦੂਰਾਂ ਨੂੰ ਫਲੈਟਾਂ ਦੀ ਗਰੰਟੀ ਕੀਤੀ ਹੈ। ਕੰਮ 'ਤੇ ਲਿਜਾਣ ਤੇ ਵਾਪਸ ਲਿਆਉਣ ਦੀ ਜ਼ਿੰਮੇਵਾਰੀ ਵੀ ਫਾਰਮਰ ਦੀ ਹੀ ਹੈ।

26, 27, 28 ਮਾਰਚ ਨੂੰ ਯੂਨੀਅਨ ਦੀ ਦੂਸਰੀ ਸਲਾਨਾ ਕਨਵੈਨਸ਼ਨ ਹੋਈ। ਜਿਸ ਵਿੱਚ ਯੂਨੀਅਨ ਦੀਆਂ ਨੀਤੀਆਂ ਬਾਰੇ ਫੈਸਲੇ ਹੋਏ ਤੇ ਆਉਣ ਵਾਲੇ 2 ਸਾਲਾਂ ਲਈ ਅਹੁਦੇਦਾਰਾਂ ਦੀ ਚੋਣ ਹੋਈ; ਰਾਜ ਚੌਹਾਨ - ਪ੍ਰਧਾਨ, ਸਰਵਣ ਬੋਲ - ਸਕੱਤਰ, ਜਵਾਲਾ ਸਿੰਘ ਗਰੇਵਾਲ - ਪਹਿਲੇ ਉਪ-ਪ੍ਰਧਾਨ ਤੇ ਬੀਬੀ ਹਰਸਿਮਰਨ ਢਿਲੋਂ - ਦੂਸਰੇ ਉਪ-ਪ੍ਰਧਾਨ।

ਸਾਰੀ ਕੰਮਿਊਨਿਟੀ ਅਤੇ ਖਾਸ ਕਰਕੇ ਅਗਾਂਹ-ਵਧੂ ਲੋਕਾਂ ਨੂੰ ਯੂਨੀਅਨ ਦੀ ਹਰ ਤਰ੍ਹਾਂ ਮੱਦਦ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਅਜਿਹਾ ਕਰ ਸਕਦੇ ਹੋ ਤਾਂ ਯੂਨੀਅਨ ਦਫ਼ਤਰ 430-6055 'ਤੇ ਫੋਨ ਕਰੋ। ਖੇਤ ਮਜ਼ਦੂਰਾਂ ਦੀ ਹੋ ਰਹੀ ਲੁੱਟ-ਖਸੁੱਟ ਨੂੰ ਖਤਮ ਕਰਨ ਲਈ ਯੂਨੀਅਨ ਦਾ ਕਾਮਯਾਬ ਹੋਣਾਂ ਬਹੁਤ ਜ਼ਰੂਰੀ ਹੈ।

ਤਿੰਨ ਕਵਿਤਾਵਾਂ :

ਸੁਰਿੰਦਰ ਧੰਜਲ

## 1. ਕਬਰਸਤਾਨ ਸ਼ਰਮਿੰਦਾ ਹੈ

ਮਰਨ ਵਾਲਿਆ, ਤੂੰ ਨਹੀਂ ਮਰਿਆ !
ਰਸਮੀਂ ਕੀਰਨਿਆਂ ਦੀ ਅੱਖ 'ਚੋਂ
ਸਿਰਫ਼ ਨਿਗੂਣਾ ਅੱਥਰੂ ਕਿਰਿਆ!

ਵਸਦੇ ਘਰ ਦੇ ਤੂੰ ਖੁੱਲ੍ਹੇ ਦਰਵਾਜ਼ੇ ਵਰਗਾ !
ਮੇਲੇ ਅੰਦਰ ਵਜਦੇ ਕਿਸੇ ਨਗੌਜ਼ੇ ਵਰਗਾ !
ਤੂੰ ਅੰਮੜੀ ਦੀ ਰੰਗਦਾਰ ਫੁਲਕਾਰੀ ਵਰਗਾ!
ਮਹਿਕਿਆਂ ਭਰੀ ਤੜਾਗੀ ਦੀ ਕਿਲਕਾਰੀ ਵਰਗਾ!
ਤੂੰ ਕਿਰਤੀ ਦੀ ਜੁੱਤੀ ਦਾ ਉਦਮੀ ਤਾਲ!
ਫੁੱਲ ਲੌਂਗੜੀ ਗਲ ਵਿਚ ਪਾਈ
ਮਸਤ ਵੱਛੇ ਦੀ ਜਾਂ ਘੁੰਗਰਾਲ!
ਪੈਦਲ ਤੁਰਦੀ ਡਾਂਗ ਤੇਰੀ ਦੇ
ਸੰਮ ਚਮਕਦੇ, ਛਣਕੇ ਹਾਸਾ
ਜਿਸਦੀ ਤਾਬ ਨਹੀਂ ਸਹਿ ਸਕਦਾ
ਖ਼ੂਨੀ ਵੈਲੀ ਅਤੇ ਗੰਡਾਸਾ, ਘੋੜੀ ਚੜ੍ਹਿਆ -
ਮਰਨ ਵਾਲਿਆ, ਤੂੰ. ਨਹੀਂ ਮਰਿਆ !

ਸੁੱਚੇ ਬੋਲ ਕਦੇ ਨਾ ਮਰਦੇ
ਅਸੀਂ ਪਹਿਨ ਭਰਮਾਂ ਦੇ ਪਰਦੇ
ਪਏ ਜਿਉਣ ਦਾ ਨਾਟਕ ਕਰਦੇ
ਪੜ੍ਹੀਏ ਸੁਣੀਏ ਤੱਕੀਏ ਸੁਹਣੇ ਬੋਲ ਕਿਤੇ ਜਦ
ਆਪਣੇ ਕਹਿੰਦੇ, ਚੋਰੀ ਕਰਦੇ
ਜੀਅ ਭਰਨ ਤੇ ਰਸ ਨੁੱਚੜੇ ਨਿੰਬੂ ਦੇ ਵਾਂਗੂੰ
ਪਰੇ ਵਗਾਹੀਏ, ਨਵੇਂ ਚੁਰਾਈਏ
ਕਈ ਵੇਰ ਤਾਂ ਪਹਿਲਿਆਂ ਨਾਲੋਂ
ਇਕਦਮ ਉਲਟੇ ਹੀ ਅਪਣਾਈਏ
ਨਾ ਸ਼ਰਮਾਈਏ !
ਤੂੰ ਜੋ ਆਪਣੇ ਬੋਲ ਸਿਰਜਕੇ
ਇਕਸੁਰ ਤੇ ਇਕਸਾਰ ਜੀਵਿਆ -
ਤੂੰ ਨਹੀਂ ਮਰਿਆ !

ਮਿੱਠੇ ਫਲ ਹਾਂ, ਸੁਹਣੇ ਫੁੱਲ ਹਾਂ
ਝੂਠੇ ਦਾਅਵੇ ਕਰ ਕਰ ਥੱਕੇ
ਸਿੰਬਲ ਵਾਂਗ ਧਕਧਕੇ ਫਿੱਕੇ
ਸ਼ਹਿਰ ਪੱਕ, ਅਸੀਂ ਮਿੱਠਿਓਂ ਹੋਏ ਕੌੜੇ ਮੇਵੇ
ਤੇਰੀ ਮਿੱਠੀ ਛਾਂ ਜਾਦਾਂ ਵਿੱਚ ਗੇੜੇ ਦੇਵੇ
ਛਾਂ, ਮੇਵੇ, ਫੁੱਲ ਵੰਡਣ ਵਾਲੇ ਸੰਘਣੇ ਬਿਰਛਾ
ਸਦਾਬਹਾਰ ਤੂੰ ਹਰਿਆ ਭਰਿਆ -
ਮਰਨ ਵਾਲਿਆ, ਤੂੰ ਨਹੀਂ ਮਰਿਆ !

ਰਾਹ ਕਿਨਾਰੇ ਖੜ੍ਹੇ ਖੁਰਕਦੇ
ਅਸੀਂ ਸਿਰਾਂ ਤੋਂ ਦੰਭ ਦੀਆਂ ਜੂੰਆਂ
ਲੰਘ ਗਿਆ ਹੈ ਤੇਰਾ ਕਾਫ਼ਲਾ
ਬਾਕੀ ਪਿੱਛੇ ਉਡਦੀਆਂ ਧੂੜਾਂ।
ਤੂੰ ਪਾਰਸ ਤੇਰੇ ਸੰਗ ਰਹਿ ਵੀ
ਅਸੀਂ ਰਹੇ ਲੋਹੇ ਦੇ ਲੋਹੇ
ਬਾਂਗਾਂ ਸੁਣਕੇ ਸਰਘੀ ਵੇਲੇ
ਜਾਗਣ ਦੀ ਥਾਂ ਘੂਕ ਸੌਂ ਰਹੇ
ਰੰਗ ਬਰੰਗੀ ਕੁੱਕੜ-ਕਲਗੀ
ਪਹਿਨਣ ਦੇ ਸੁਪਨਿਆਂ ਦੇ ਮੋਹੇ।
ਅਸੀਂ ਘੋੜੇ ਦੀ ਪੂਛ ਉਹ ਭਾਰੀ
ਉਠ ਤਾਈਂ ਜਿਸਦਾ ਕੀ ਫ਼ਾਇਦਾ
ਚਰਚਾ-ਕੇਂਦਰ ਬਣਨ ਵਾਸਤੇ
ਘਟੀਆ ਘੜੇ ਲਤੀਫ਼ਿਆ ਵਰਗੇ
ਹਿੜ ਹਿੜ ਕਰੀਏ ਅਸੀਂ ਬੇ-ਕਾਇਦਾ।
ਤੇਰੀ ਕਰਣੀ ਦੇ ਨਿੱਘ ਸਾਹਵੇਂ
ਸਾਡਾ ਨਿੱਜ ਹੈ ਠਰਿਆ ਠਰਿਆ -
ਮਰਨ ਵਾਲਿਆ, ਤੂੰ ਨਹੀਂ ਮਰਿਆ!

ਅਸੀਂ ਵਿਆਜ 'ਚ ਉਲਝ ਗਏ ਹਾਂ
ਗੁੰਮ ਗਿਆ ਤੂੰ ਸਾਡਾ ਮੂਲ
ਅਲਵਿਦਾ ਨਾ ਤੇਰੀ ਕਬੂਲ!
ਅਸੀਂ ਮਖੌਟੇ, ਅਸੀਂ ਮਕਾਣ
ਸ਼ਰਮਿੰਦਾ ਹੈ ਕਬਰਸਤਾਨ
ਰਸਮੀ ਕੀਰਨਿਆਂ ਦੀ ਅੱਖ 'ਚੋਂ
ਜਦੋਂ ਨਿਗੂਣਾ ਅੱਥਰੂ ਕਿਰਿਆ -
ਮਰਨ ਵਾਲਿਆ, ਤੂੰ ਨਹੀਂ ਮਰਿਆ!

●

## 2. ਭੁਲਾਵੇਂ ਅੱਖਰ

ਕਦੇ ਕਦੇ ਮੇਰਾ ਜੀਅ ਕਰਦਾ ਹੈ
ਤੂੰ ਮੁੜ ਧਰਤੀ ਤੇ ਆਵੇਂ।
ਤੈਨੂੰ ਓਹੋ ਹੀ ਦੇਖ ਸਕੇ
ਤੂੰ ਜਿਸਨੂੰ ਦਿਸਣਾ ਚਾਹਵੇਂ।
ਜੋ ਤੇਰੇ ਆਪਣੇ ਹੁੰਦੇ ਸੀ
ਇੱਕ ਝਾਤ ਉਨ੍ਹਾਂ ਘਰ ਪਾਵੇਂ।
ਕਿਹੜੇ ਬਿਨ ਪੱਤਿਓਂ ਛਾਂ ਕਰਦੇ
ਕਿਹੜੇ ਪੱਤਿਆਂ ਸਣੇ ਨਿਛਾਵੇਂ।
ਬਦਲ ਦੋਸਤੋਂ ਬਣੇ ਜੋ ਦੁਸ਼ਮਣ
ਦੇਖੇਂ ਨਵੇਂ ਸਿਰਨਾਵੇਂ।
ਜਾਨ ਵਾਰਨ ਦੀਆਂ ਫੋਕੀਆਂ ਗੱਲਾਂ
ਜਿਓਂ ਛਲਦੇ ਪਰਛਾਵੇਂ।
ਬਦਲ ਦੁਸ਼ਮਣੋਂ ਬਣੇ ਜੋ ਦੋਸਤ
ਪੜ੍ਹੇਂ ਉਨ੍ਹਾਂ ਦੇ ਅੱਖਰ ਭੁਲਾਵੇਂ।
ਜੋ ਦੁਸ਼ਮਣ ਤੇਰੇ ਹਾਲੇ ਵੀ ਦੁਸ਼ਮਣ
ਵਧਾਈ ਦਾ ਹੱਥ ਮਿਲਾਵੇਂ।
ਜੋ ਮਿੱਤਰ ਤੇਰੇ ਹਾਲੇ ਵੀ ਮਿੱਤਰ
ਘੁੱਟ ਘੁੱਟ ਜੱਫੀਆਂ ਪਾਵੇਂ।
ਬੈਠ ਬਨੇਰੇ ਕਾਂ ਕੁਰਲਾਉਂਦੇ
ਆਪਣੇ ਹੱਥੀਂ ਉਡਾਵੇਂ।
ਤੈਨੂੰ ਜਿਓਂ ਦਾ ਤਿਓਂ ਜੋ ਸਮਝਣ
ਵਿਰਲੇ ਟਾਵੇਂ ਟਾਵੇਂ -
ਜੇ ਤੇਰੇ ਨਾਲ ਜਾਣ ਲੋਚਣ
ਨਾਲ ਹੀ ਲੈ ਜਾਵੇਂ ਤਾਵੇਂ।

●●

## 3. ਮਿਰਗਜਲੀ

ਮਾਰੂਥਲ ਵਿੱਚ ਮਿਰਗਜਲੀ ਦੇ
ਦੇਖੇ ਅਜਬ ਛਲਾਵੇ
ਦੂਰ ਨਾ ਜਾਵੇ ਪਾਸ ਨਾ ਆਵੇ
ਇਹ ਮਰ ਜਾਣੀ ਆਸ।

ਆਦਰਸ਼ਾਂ ਤੋਂ ਮੁਨਕਰ ਹੋਕੇ
ਨਾ ਮਰਦੇ ਨਾ ਜਿਉਂਦੇ
ਮਰਨ ਜਿਉਣ ਦੇ ਵਿੱਚ ਭਟਕਦਾ
ਉਮਰਾਂ ਦਾ ਅਹਿਸਾਸ।

ਨਾ ਮੇਰੀ ਕੋਈ ਮਾਂ ਮਤਰੇਈ
ਨਾ ਮੈਂ ਆਗਿਆਕਾਰੀ
ਚੌਦਾਂ ਵਰ੍ਹੇ ਵੀ ਪੂਰੇ ਹੋਏ
ਫਿਰ ਵੀ ਕਿਉਂ ਬਣਵਾਸ!

ਦੁਨੀਆਂ ਅੰਦਰ ਇੱਕੋ ਇੱਕ ਸੀ
ਯਾਰ ਮੇਰਾ ਦਿਲ ਮੇਰਾ
ਕੱਲ-ਮ-ਕੱਲਾ ਮੇਰੇ ਬਾਝੋਂ
ਉਹ ਵੀ ਹੋਇਆ ਉਦਾਸ।

ਗੋਲੇ, ਬੇਗਮ, ਬਾਦੇ, ਯੱਕੇ
ਪੂਰਬ ਪੱਛਮ ਉੱਡੇ
ਪੱਤੇ ਅਤੇ ਖਿਡਾਰੀ ਲਭਦੀ
ਪਈ ਅਧੂਰੀ ਤਾਸ਼।

ਭੇਡਾਂ ਕੁੱਕਣ ਵਾਲਿਆਂ ਦੀ ਹੈ
ਪੈੜ ਸ਼ਹਿਰ ਵੱਲ ਜਾਂਦੀ
ਆਜੜੀਆਂ ਦੀ ਨੈਣਿਆਂ ਉੱਤੇ
ਫਿਰਦੀ ਫਿਰੇ ਤਲਾਸ਼।

●●●

(GRANDE PRAIRIE, ALBERTA)

## ਗ਼ਜ਼ਲ

ਨਾਜ਼ਰ ਸਿੰਘ 'ਤਰਸ'

ਸਾਗਰ! ਤੇਰਾ ਸ਼ਹਿਰ ਵੇਖਿਆ ਸਾਰ ਮੰਜ਼ਿਲਾਂ ਦੂਰ ਦੀਆਂ।
ਸਰਦੀਆਂ ਵਿੱਚ ਵੀ ਵਰ੍ਹਦੀਆਂ ਅੱਗਾਂ ਜਿਉਂ ਲਾਟਾਂ ਤੰਦੂਰ ਦੀਆਂ!
ਗਲੀਆਂ ਦੇ ਵਿੱਚ ਖ਼ੂਨ ਖਰਾਬੇ ਜ਼ਖ਼ਮੀ ਜਾਨਾਂ ਤੜਫ਼ ਰਹੀਆਂ!
ਏਸ ਤਰ੍ਹਾਂ ਲੱਗੇ ਜੋ ਹੋਵਣ ਕੰਧਾਂ ਸੰਨ੍ਹੀ ਚੂਰ ਦੀਆਂ!
ਇਸ ਸ਼ਹਿਰ ਦੇ ਲੋਕੀਂ ਡਿੱਠੇ ਦਿਲ ਦੇ ਕਾਲੇ ਮੂੰਹ ਮਿੱਠੇ।
ਜਿਨੇ ਮੁੜਾ ਭਿਕਾਨੂੰ ਵਰਗੇ ਰੀਸਾਂ ਕਰਨ ਅੰਗੂਰ ਦੀਆਂ।
ਸ਼ਹਿਰ ਤੇਰੇ ਵਿੱਚ ਹਰ ਇੱਕ ਵੇਖਣੂ ਬਿਨਾਂ ਮਿਲਾਵਟ ਮਿਲਦੀ ਨਹੀਂ
ਹਲਵਾਈ ਦੀ ਹੱਟੀ ਤੇ ਵੀ ਮਠਿਆਈਆਂ ਨੇ ਬੂਰ ਦੀਆਂ!
ਸਭ ਦੁਨੀਆਂ ਵਿੱਚ ਚਾਨਣ ਚਾਨਣ ਏਥੇ ਘੁੱਪ ਹਨੇਰਾ ਹੈ।
ਗ਼ਮੀਆਂ ਏਥੇ ਭੰਗੜਾ ਪਾਵਣ ਖ਼ੁਸ਼ੀਆਂ ਰੋ ਰੋ ਝੂਰਦੀਆਂ!
ਏਥੇ ਧਰਮ ਈਮਾਨ ਨਹੀਂ ਕੋਈ ਉਦਾਂ ਸਾਰੇ ਧਰਮੀ ਨੇਂ।
ਨਾਲੇ ਖਾਵੇਂ? ਨਾਲੇ ਖਾਂਦੇ ਕਸਮਾਂ ਗਾਂ ਤੇ ਸੂਰ ਦੀਆਂ।
ਤੇਰੇ ਸ਼ਹਿਰ ਦੇ ਅੰਦਰ ਘੜਤੇ ਗੱਪਾਂ ਦੇ ਤੁਮਾਰ ਮਿਲੇ।
ਤੌਖਲਾ ਜਿਨ੍ਹਾਂ ਤੋਂ ਟੱਚ ਨਾਂ ਹੋਵੇ ਗੱਲਾਂ ਕਰਨ ਖਜੂਰ ਦੀਆਂ।
ਕਈ ਐਸੇ ਵੀ ਡਿੱਠੇ ਜਿਹੜੇ ਵਿਕਦੇ ਕੌਡਾ ਛੂਹਣ ਤੇ।
ਪਰ੍ਹਿਆਂ ਦੇ ਵਿੱਚ ਬਹਿ ਉਹ ਪਾਉਂਦੇ ਬਾਤਾਂ ਨੇ ਮਨਸੂਰ ਦੀਆਂ!
ਵਿੱਚੋਂ ਭੁੱਖੇ ਬਾਹਰ ਦਿਖਾਵੇ ਗਸ਼ਨ ਲੋਗੇ ਪੈਂਦੇ ਨਹੀਂ।
ਸੂਈਆਂ ਸੂਲ ਨਾਂ ਨਾਲ 'ਤਰਸ' ਤੋਂ ਵਿਕਦੀਆਂ ਮਜ਼ਦੂਰ ਦੀਆਂ।
ਸਾਗਰ ਤੇਰਾ ਸ਼ਹਿਰ ਵੇਖਿਆ ਸਾਰ ਮੰਜ਼ਿਲਾਂ ਦੂਰ ਦੀਆਂ।
ਸਰਦੀਆਂ ਵਿੱਚ ਵੀ ਵਰ੍ਹਦੀਆਂ ਅੱਗਾਂ ਜਿਉਂ ਲਾਟਾਂ ਤੰਦੂਰ ਦੀਆਂ।

## ਡਿਪਲੋਮੈਟਿਕ ਖੇਡਾਂ

ਰਜੀਤ ਏਵਰੀਆ

ਅਜੇ ਕੱਲ੍ਹ ਹੀ ਦਿਨ ਪਹਿਲਾਂ 'ਗਜ਼ੇ'
ਜਿਨ੍ਹਾਂ ਤੈਲੀ-ਖਿਡਾਰੀਆਂ ਨੂੰ ਘਰਕ ਕੇ ਪਈ ਸੀ
ਅੱਜ ਉਹਨਾਂ ਨਾਲ ਹੱਥ ਮਿਲਾਉਂਦੀ ਮੁਸਕਣੀਆਂ ਹੱਸਦੀ ਤੇ ਅੱਖਾਂ ਮਟਕਾਉਂਦੀ ਏ
ਉਹਦੇ ਮੱਥੇ ਦਾ ਵੱਟ, ਕਾਲਖ ਭਰੇ ਸਿਰ, ਸਰਕਦੇ ਪੱਲੇ ਤੋਂ
ਸਾਫ਼ ਪ੍ਰਤੀਤ ਹੁੰਦਾ ਛੇਕਣ ਇਰਾਦਾ ਤੇ ਅੰਦਰਲਾ ਜ਼ਨਾਨੀ ਕਰੋਧ
ਉਂਜ ਤਾਂ ਉਹਦੇ ਲੱਛਣ-ਚਲਣ ਦਾ ਪਹਿਲਾਂ ਹੀ ਪਤੈ ਸਾਨੂੰ
ਕਈ ਵਾਰ ਸਾਵਧਾਨ ਵੀ ਕੀਤੈ
ਪਈ ਲੋਕੋ!
ਕੈਲੂ ਅਸਮਾਨ ਸਗੋਂ ਦੁੱਧ-ਧੋਤੇ ਲਿਬਾਸ 'ਚ
ਕਿਵੇਂ ਹੋ ਗਈ ਐਡੀ ਛੇਤੀ ਨਿਰਮਲ-ਸ਼ੁੱਧ ਚਲਿਤਰਾਂ ਭਰੀ ਨੀਤੀ?
ਲਾਹਨਤ ਐ ਟੀਮ ਦੇ ਮਨੇਜਰ ਦੇ ਵੀ ਲਾਰੇ!
ਜੀਹਨੇ ਰਹਿੰਦੀ-ਖੂੰਹਦੀ ਅਣਖ ਏਗਾ ਕੇ ਵਿੱਲੇ ਕੀਤੀ ਹੋਈ ਐ ਅਰਜ਼ੋਈ
"ਮੈਡਮ! ਅੱਜ ਸ਼ਾਮ ਨਿਸ਼ਚਿਤ ਏ ਰਸਮ ਹੱਥ ਮਿਲਾਉਣ ਫੜਣ ਫੜਾਉਣ ਦੀ
ਉਂਜ ਤਾਂ ਤੁਹਾਡੇ 'ਗਜ਼ਗਣ' ਵਿੱਚ ਕਰਦਾ ਛੇਤੀ ਏ ਆਮ ਤਰੱਕਾ
ਤੇ ਪਿਟਦਾ ਵਿੱਡੀ ਐ ਢੂਰ ਨੇੜੇ ਤੈਂਡੀ ਦੀ
ਕਿ ਉਹਨਾਂ ਖੁਸ਼ਿਆਰ-ਖਿਡਾਰੀਆਂ ਨਾਲ ਕਈ ਖੇਡਦਾ
ਜਿਨ੍ਹਾਂ ਕਾਲੇ ਰੰਗਾਂ ਦੀਆਂ ਪਿੱਠਾਂ ਤੇ ਜ਼ੋਰ ਜ਼ੋਰ ਬੈਟ ਮਾਰ ਸੈਂਚਰੀਆਂ ਵੰਡੇਨ ਤੇ
ਭਾਰੀ ਜ਼ਸ਼ਨ ਕੀਤੇ ਤੇ ਡੱਕ ਡੱਕ ਜਸੇ ਪੀਤੇ
ਖ਼ਾਬੇ ਰੀਤੇ ਦੇ ਪਾਪੜ ਤਾਂ ਵੇਲਣੇ ਈ ਹੋਏ ਨੇ
ਆਪਾਂ ਇਹਰ ਵੀ ਤਾਂ ਧਿਆਨ ਨਹੀਂ ਰੱਖਣਾ ਹੁੰਦੇ ਮੈਡਮ!
ਆਖਰ ਉਹ 'ਰਲ ਕੇ' ਖੇਡਣ ਵਾਲੇ ਖਿਡਾਰੀ
ਸਾਡੇ ਚੰਗੇ ਦੋਸਤ ਵੀ ਤਾਂ ਨੇ!
ਨਾਲੇ ਕਾਇਮ ਐ ਅਜੇ ਤਾਈਂ ਸਾਡਾ ਮਹਿਮਾਨ-ਪਰਸਤ ਵਾਲਾ ਸੱਚੀ ਸਤਿਕਾਰ
ਏਜ਼ਾ ਬੋਲੇ ਕਿ ਅਸੀਂ ਹੁਣ ਲੱਗ ਗਏ ਆਂ ਬਰਾਬਰ ਦੀ ਖੇਡ ਖੇਡਣ!!!
'ਗਜ਼ਕਰਨੀ' ਦੀ ਏਸ ਹੀਣਤਾ ਭਰੀ ਮਿਲਣੀ ਦੀ ਰਸਮ
ਨਵੀਆਂ ਜਾਣਾਂ ਦੀ ਸੋਚੀ ਹੋਈ ਪ੍ਰੇਮ ਪੁਸਤਕ ਸਵੀਕਾਰ ਕਰਕੇ ਮੱਥੇ ਨਾਲ ਲਾਉਂਦੇ
ਮੈਨੂੰ ਧੁੰਦ-ਧੁੰਦੀ ਜਿਹੀ ਆਈ
ਕਿ ਇਨਾਂ "ਗਜ਼ੂਆਂ" ਦੀਆਂ ਡਿਪਲੋਮੈਟਿਕ ਖੇਡਾਂ ਨੇਂ
ਹੋਰ ਪੱਕੀਆਂ ਸਾਡੇ ਲੋਕਾਂ ਦੀਆਂ ਗਰਾਉਂਡਾਂ
ਪਕੜਾ ਪਿੱਠੀਆਂ ਨੇ ਸਾਡੀਆਂ ਡੈਮੋਕਰੈਟਿਕ-ਲੋਕ ਇਨਕਲਾਬੀ ਰੈਲੀਆਂ
ਹੁਣ ਦਰਸ਼ਕਾਂ ਸਮੇਤ ਸਾਨੂੰ ਹੋਰੀ ਲੋੜ ਐ ਖੇਡ ਮੈਦਾਨਾਂ 'ਤੇ ਪੱਕੇ ਕਬਜ਼ੇ
ਤੇ ਨਵੇਂ ਦਾਅ-ਪੇਚਾਂ ਦੀ ਹੋਰ ਤੇਜ਼ ਪ੍ਰੈਕਟਿਸ ਕਰਨ ਦੀ ........

• • •

# ਅਜੀਬ ਗੱਲ

ਅਮਰਜੀਤ ਚਾਹਲ

ਅਖ਼ਬਾਰਾਂ ਆਮ ਦਿਨ ਨੂੰ ਦੂਜੇ ਦਿਨਾਂ ਤੋਂ ਵੱਖਰਾ ਬਣਾ ਜਾਂਦੀਆਂ ਹਨ। ਇਹ ਦਿਨ ਵੀ ਆਮ ਦਿਨਾਂ ਵਰਗਾ ਸੀ। ਫ਼ਰਕ ਸੀ ਤਾਂ ਇਤਨਾ ਕਿ ਕੱਲ੍ਹ ਬੜੀ ਦਬੀਆ ਧੁੰਧ ਨਿੱਕਲੀ ਹੋਈ ਸੀ ਅਤੇ ਅੱਜ ਚਮਕਦਾਰੀ ਸੀ। ਹਵਾ ਤੇਜ਼ ਰਹੀ ਸੀ। ਹਵਾ ਠੰਢ ਰਹੀ ਸੀ- ਠੰਢੀ ਸੀਤ ਹਵਾ, ਜਿਸ ਨਾਲ ਸਰੀਰ ਸੁੰਨ ਹੁੰਦਾ ਜਾਂਦਾ ਸੀ। ਸੁੱਕੇ ਹੋਏ ਪੀਲੇ ਪੱਤੇ, ਹਵਾ ਦੇ ਵਰੋਲਿਆਂ ਨਾਲ ਭਟਕ ਰਹੇ ਸੀ। ਹਵਾ ਦਾ ਬੁੱਲਾ ਆਉਂਦਾ ਸੀ ਤਾਂ ਉਨ੍ਹਾਂ ਨੂੰ ਧੱਕ ਕੇ - ਅਜਿਹੇ ਮੌਸਮ ਵਿੱਚ ਵੀ ਹਰੀਆਂ ਝਾੜੀਆਂ ਦੇ ਮੁੱਢੀਂ ਵਾੜ ਦਿੰਦਾ ਸੀ। ਦੂਜੀ ਵੰਨਗੀ ਹਵਾ ਦਾ ਬੁੱਲਾ - ਵਰੋਲਾ ਬਣਦਾ ਅਤੇ ਹਰੀਆਂ ਝਾੜੀਆਂ ਦੇ ਮੁੱਢੀਂ ਲੱਗ ਗਏ ਸੁੱਕੇ ਪੀਲੇ ਪੱਤਿਆਂ ਨੂੰ ਕੱਢ ਕੇ ਪੱਕੀ ਸੜਕ 'ਤੇ ਪਾ ਦਿੰਦਾ ਅਤੇ ਉਤਨਾਂ ਚਿਰ ਉਨ੍ਹਾਂ ਨੂੰ ਉਡਾਈ ਲਿਜਾਂਦਾ - ਜਦ ਤੱਕ ਉਹ ਖਿੰਡ-ਪੁੰਡ ਨਾ ਜਾਂਦੇ।

ਦਿਲਚਸਪ ਗੱਲ, ਇਹ ਸੀ ਕਿ ਇੱਕ ਅਖਬਾਰ ਦੇ ਕੁੱਝ ਵਰਕੇ, ਇਕ ਹਰੀ ਝਾੜੀ ਦੁਆਲੇ ਇੰਜ ਲਿਪਟ ਗਏ ਸਨ ਕਿ ਹਵਾ ਦੇ ਜ਼ੋਰਦਾਰ ਝਟੋਕਿਆਂ ਨਾਲ ਟੱਸ ਤੋਂ ਮੱਸ ਵੀ ਨਾ - ਸਗੋਂ ਝਾੜੀ ਦੇ ਜ਼ੋਰ ਨਾਲ ਲੱਗਦੇ ਜਾਂਦੇ ਸਨ। ਸੜਕ ਤੋਂ ਗੁਜ਼ਰਨ ਵਾਲਿਆਂ ਦਾ ਧਿਆਨ ਉਸ ਅਖਬਾਰ ਦੇ ਵਰਕਿਆਂ ਤੇ ਆਪਣਾ ਹੀ ਜਿਹਾ ਸੀ - ਤੇ ਮੋਟੇ ਅੱਖਰਾਂ ਵਿੱਚ ਲਿਖਿਆ 'ਅਜੀਬ ਗੱਲ' ਸੁਖਾਲੀ ਤਰ੍ਹਾਂ ਪੜ੍ਹਿਆ ਜਾਂਦਾ ਸੀ। ਅਜੀਬ ਗੱਲ, ਅਜੀਬ ਸੁਭਾਵ, ਅਜੀਬ ਨਜ਼ਾਰਾ - ਅਜੀਬ ਨਾਂ ਹੇਠ ਤੁਸੀਂ ਕੁਝ ਵੀ ਵੇਖ ਸਕਦੇ ਹੋ ਇੱਥੋਂ ਤੱਕ ਕੇ ਗੰਦੀ ਦੇ ਢਾਂਚੇ ਤੂੰਬਾ ਕੇ ਵੇਖ ਸਕਦੇ ਹੋ ਜੇ ਕਰ ਇਸ ਦੇ ਅੱਗੇ ਲੇਬਲ ਲੱਗ ਜਾਏ ਅਜੀਬ ਦਾ ਇਉਂ।

ਇਹ ਅਖਬਾਰ ਜੋ ਸ਼ਾਇਦ ਇੱਕ ਹੁੰਦੀ ਸੀ ਅਤੇ ਕਿਸੇ ਦੇ ਘਰ ਅੱਗੋਂ ਉੱਡ ਆਈ ਸੀ- ਲੋਕਾਂ ਦਾ ਧਿਆਨ 'ਅਜੀਬ ਗੱਲ' ਕਰਕੇ ਖਿੱਚ ਰਹੀ ਸੀ। ਲੋਕ, ਰੁਕ ਕੇ ਇਸ ਨੂੰ ਪੜ੍ਹਦੇ ਸਨ। ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਸੀ ਕਿ ਇਸ਼ਤਿਹਾਰ ਹੈ ਜਾਂ ਖਬਰ। ਜੇ ਕਰ ਖਬਰ ਸੀ ਤਾਂ ਕਿਸੇ ਦੇਸ਼ ਜਾਂ ਸ਼ਹਿਰ ਦੀ ਖਬਰ ਸੀ — ਸੀ ਗੱਲ ਇਹ ਕਿ ਇੱਕ ਢੰਗੇ ਪੜ੍ਹੋ - ਕਿਸੇ ਘਰਾਣੇ ਦੇ ਕੁੱਤੇ ਲਈ - ਇੱਕ ਚੰਗੀ ਪੜ੍ਹੀ ਲਿਖੀ ਨਰਸ ਦੀ.... । ਅਗੋਂ ਅਖਬਾਰ ਪਾਟ ਚੁੱਕੀ ਸੀ। ਇਹ ਜਾਨਣ ਲਈ ਕਿ ਇਹ ਜ਼ਰੂਰਤ ਹੈ ਜਾਂ ਖਬਰ ਅਗੇ ਪੜ੍ਹਨਾਂ ਜ਼ਰੂਰੀ ਸੀ। ਕੁੱਝ ਅੱਗੇ ਪੜ੍ਹਦੇ ਸਨ ਤੇ ਕੁਝ ਅਗੋਂ ਪੜ੍ਹਨ ਦੀ ਜ਼ਰੂਰਤ ਹੀ ਨਹੀਂ ਸਮਝਦੇ ਸਨ। ਉਨ੍ਹਾਂ ਦਾ ਖਿਆਲ ਸੀ-

'ਇਹ ਜ਼ਰੂਰ ਕਿਸੇ ਅਮੀਰ ਆਦਮੀ ਦੇ ਨਜਾਇਜ਼ ਬੱਚੇ ਲਈ ਦਾਈ ਦੀ ਲੋੜ ਹੈ।'

'ਜਾਂ ਕਿਸੇ ਬੁੱਢੇ ਲਈ —— ਜਾਂ ਕਿਸੇ ਲਈ ਰਖੇਲ ——।'

ਜਾਂ ਉਹ ਸਵਾਲ ਤਰ੍ਹਾਂ ਸੋਚਦੇ — ਕੁੱਤੇ ਦੀ ਗੱਲ ਸੀ — ਉਹ ਵੀ ਅਮੀਰਾਂ ਦੇ ਕੁੱਤੇ ਦੀ। ਇਹ ਅਖਬਾਰ ਅਮੀਰਾਂ ਦੇ ਕੁੱਤਿਆਂ - ਬਿੱਲੀਆਂ ਦੀਆਂ ਖਬਰਾਂ ਛਾਪ ਕੇ ਜਾਂ ਉਨ੍ਹਾਂ ਬਾਰੇ ਕੁੱਝ ਨਾ ਕੁੱਝ ਜਾਣਕਾਰੀ ਦੇ ਕੇ ਖੁਸ਼ ਹੁੰਦੇ ਹਨ। ਪਤਾ ਨਹੀਂ ਲੋਕਾਂ ਨੂੰ ਕੀ ਸਮਝਦੇ ਹਨ? ਕੀ ਲੋਕ ਇਹ ਇਨ੍ਹਾਂ ਦੇ ਕੁੱਤਿਆਂ ਬਿੱਲੀਆਂ ਬਾਰੇ ਹੀ ਢੰਗ ਨੂੰ ਢੰਗ ਗਿਆਨ ਰੱਖਣ ਕਾਰਨ ਸਿਆਣੇ ਸਮਝੇ ਜਾਇਆ ਕਰਨਗੇ?

ਸਮਝ ਲਓ! ਇਹ ਕਿਸੇ ਅਮੀਰ ਘਰਾਣੇ ਦਾ ਫ਼ੈਸਲਾ ਸੀ ਕਿ ਉਨ੍ਹਾਂ ਦੇ ਕੁੱਤੇ ਲਈ - ਇੱਕ ਨ- ਰਸ ਹੀ ਚਾਹੀਦੀ ਹੈ — ਉਹ ਵੀ ਪੜ੍ਹੀ ਲਿਖੀ।

ਆਪਣੇ ਕੁੱਤੇ ਦੀ ਸਿਫ਼ਤ ਵਿੱਚ ਉਨ੍ਹਾਂ ਲਿਖਿਆ ਸੀ," ਉਹ ਬੜਾ ਸ਼ਰੀਫ਼ ਤੇ ਸਿਆਣਾ ਹੈ।"

ਕੁੱਤਾ ਤੇ ਸ਼ਰੀਫ - ਦੋ ਸ਼ਬਦਾਂ ਨੂੰ ਇੱਕ ਥਾਂ ਕਰਕੇ ਦਿੱਤਾ ਸੀ, ਇੰਜ ਜਿਵੇਂ ਇਨ੍ਹਾਂ ਦੋਹਾਂ ਦਾ ਸਬੰਧ ਇੱਕ ਹੀ ਹੁੰਦਾ ਹੈ। ਸਿਆਣੇ ਤਾਂ ਪਸ਼ੂ ਹੋ ਸਕਦੇ ਹਨ। ਪਰ ਉਹ ਅਮੀਰਾਂ ਦਾ ਕੁੱਤਾ ਸੀ, ਸ਼ਾਇਦ ਇਸ ਲਈ — ਇਸ ਦਾ ਨਾਲ ਪੜ੍ਹਿਆ ਲਿਖਿਆ ਹੋਵੇ। ਇਸ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਕੁੱਤਾ ਕਿਸੇ ਬਾਹਰਲੇ ਦੇਸ਼ ਵਿੱਚ ਰਹਿ ਰਿਹਾ ਸੀ। ਉਹ ਆਪਣੇ ਮਾਲਕਾਂ ਨਾਲ ਰਹਿੰਦੀ ਜ਼ਿੰਦਗੀ ਵੀ ਉਵੇਂ ਹੀ ਬਤੀਤ ਕਰਨ ਦਾ ਹੱਕਦਾਰ ਸੀ।

ਜਿਹੜੀ ਗੱਲ ਲੋਕਾਂ ਨੂੰ ਦੁੱਖੀ ਕਰ ਰਹੀ ਸੀ ਉਹ ਤਾਂ ਇਹ ਸੀ ਕਿ ਪੜ੍ਹੀ ਲਿਖੀ ਨਰਸ ਹੀ ਕਿਉਂ? ਨਰਸ ਦਾ ਕੰਮ ਕੁੱਤੇ ਨੂੰ ਨਹਾਉਣਾ ਅਤੇ ਖੁਆਉਣਾ ਹੀ ਹੋਵੇਗਾ — ਜਾਂ ਸ਼ਾਮ ਨੂੰ ਉਸਨੂੰ ਸੈਰ ਕਰਵਾਨ ਲੈ ਜਾਣਾ। ਇਹ ਕੰਮ ਕੋਈ ਵੀ ਨਰਸ ਕਰ ਸਕਦੀ ਸੀ ਕੁੱਤੇ ਨੂੰ ਅੱਖਰੀ ਪਾਬੰਦ ਦਾ ਕਿਸ ਨੂੰ ਪਤਾ ਨਹੀਂ ਹੁੰਦਾ?

ਜਿਉਂ ਜਿਉਂ ਲੋਕ ਅੱਗੇ ਪੜ੍ਹਦੇ ਸਨ ਤਾਂ ਅਫ਼ਸੋਸ ਉਨ੍ਹਾਂ ਨੂੰ ਇਸ ਗੱਲ ਦਾ ਹੁੰਦਾ ਸੀ ਕਿ ਕੁੱਤਾ ਨੌਕਰੀ ਕਰਦਾ ਸੀ। ਨੌਕਰੀ ਵੀ ਪੱਕੀ ਗੌਰਮਿੰਟ ਦੀ - ਤੇ ਉਹ ਵੀ ਪੁਲਸ ਵਿੱਚ। ਮਹੀਨੇ ਦੀ ਚੰਗੀ ਤਨਖਾਹ ਸੀ ਉਸ ਦੀ। ਸ਼ਾਇਦ ਗਰੀਬ ਮੁਲਖ ਦੇ ਲੋਕ ਜਿੰਨੀ।

ਲੋਕਾਂ ਨੂੰ ਬੜਾ ਗੁੱਸਾ ਆ ਰਿਹਾ ਸੀ। ਗੁੱਸੇ ਕਾਰਨ ਕਈਆਂ ਤੋਂ ਅੱਗੇ ਪੜ੍ਹ ਹੀ ਨਹੀਂ ਹੁੰਦਾ ਸੀ। ਉਹ ਇਸ ਖਬਰ ਨੂੰ ਜੋ ਕਿ ਇਸ਼ਤਿਹਾਰ ਸੀ, ਵਿੱਚ ਹੀ ਛੱਡ ਕੇ - ਬੁੜ੍ਹ ਬੁੜ੍ਹ ਕਰਦੇ, ਅਖਬਾਰ ਵਾਲਿਆਂ ਨੂੰ ਆਪਣੇ ਮੁਲਕ ਦੀ ਗੰਦੀ ਗੌਰਮਿੰਟ ਨੂੰ ਗਾਲ੍ਹਾਂ ਕੱਢਦੇ ਅੱਗੇ ਤੁਰ ਜਾਂਦੇ ਸਨ। ਉਨ੍ਹਾਂ ਦਾ ਇਤਰਾਜ਼ ਸੀ - ਵੇਖੋ! ਬਾਹਰਲੇ ਮੁਲਕ ਕਿੰਨੀ ਤਰੱਕੀ ਕਰ ਗਏ ਹਨ ਉਨ੍ਹਾਂ ਦੇ ਕੁੱਤੇ ਵੀ ਕੰਮ ਕਰਦੇ ਹਨ। ਸਾਡੇ ਆਮ ਆਦਮੀ ਤੋਂ ਵੱਧ ਤਨਖਾਹਾਂ ਲੈਂਦੇ ਹਨ। ਉਨ੍ਹਾਂ ਦੀ ਦੇਖ ਭਾਲ ਨਰਸੀਆਂ ਕਰਦੀਆਂ ਹਨ। ਸਾਡੇ ਆਪਣੇ ਮੁਲਕ ਵਿੱਚ ਵੇਖੋ — ਬੰਦੇ ਅਵਾਰਾ ਕੁੱਤਿਆਂ ਵਾਂਗ ਫਿਰਦੇ ਹਨ। ਸਾਰਾ ਦਿਨ ਕੰਮ ਲਈ ਅਫ਼ਸਰਾਂ ਅੱਗੇ ਪੂਛ ਹਿਲਾਉਂਦੇ ਹਨ। ਅਸਲ ਵਿੱਚ ਕੀ ਕੁੱਝ ਨਹੀਂ ਹੁੰਦੇ ਸਾਡੇ ਦੇਸ਼ ਆਦਮੀਆਂ ਨਾਲ ਕੁੱਤਿਆਂ ਵਰਗਾ।

ਕੁਝ ਲੋਕਾਂ ਨੂੰ ਗੁੱਸਾ ਨਹੀਂ ਆਉਂਦਾ ਸੀ ਉਨ੍ਹਾਂ ਲੋਕਾਂ ਨੂੰ ਸ਼ਾਇਦ ਅਜੀਬ ਅਜੀਬ ਗੱਲਾਂ ਪੜ੍ਹਨ ਸੁਣਨ ਦਾ ਸ਼ੌਕ ਸੀ। ਉਹ ਬੜੇ ਆਰਾਮ ਨਾਲ ਪਾਟੀ ਅਖਬਾਰ ਨੂੰ ਵੀ ਠੀਕ ਕਰਕੇ ਪੜ੍ਹਦੇ ਸਨ। ਇਹ ਖਬਰ ਜੋ ਕਿ ਸ਼ਾਇਦ ਇਸ਼ਤਿਹਾਰ ਸੀ ਪੜ੍ਹਨ ਨਾਲ ਉਨ੍ਹਾਂ ਨੂੰ ਕੁੱਤੇ ਨਾਲ ਈਰਖਾ ਵਰਗਾ ਕੁੱਝ ਹੁੰਦਾ ਸੀ।

ਉਹ ਰੋਂਦੇ ਜਾਂਦੇ ਤੇ ਕਹਿੰਦੇ," ਸਾਡੇ ਕੋਲੋਂ ਤਾਂ ਅਮੀਰਾਂ ਦੇ ਕੁੱਤੇ ਚੰਗੇ। ਜਿੰਨਾਂ ਦੀ ਦੇਖ ਭਾਲ ਕਰਨ ਲਈ — ਜਿੰਨ੍ਹਾਂ ਨਾਲ ਖੇਡਣ ਲਈ — ਰੂੰਆਂ ਜਿਹੀਆਂ ਕੁੜੀਆਂ — ਖਾਣ ਲਈ ਬਿਸਕੁਟ, ਮੀਟ — ਪੀਣ ਲਈ ਦੁੱਧ — ਬੈਠਣ ਲਈ ਸੋਫੇ ਅਤੇ ਸੌਣ ਲਈ ਆਲੀਸ਼ਾਨ ਕੋਠੀਆਂ।"

ਕਈਆਂ ਦਾ ਦਿਲ ਕਰਦਾ ਉਹ ਇਸ ਖ਼ਬਰ ਨੂੰ ਕੱਟ ਕੇ ਆਪਣੇ ਨਾਲ ਲੈ ਜਾਣ। ਕਿੰਨੀ ਅਜੀਬ — ਦਰਦੀਲੀ ਖ਼ਬਰ ਸੀ। ਇੱਕ ਕੁੱਤੇ ਲਈ ਪੜ੍ਹੀ ਲਿਖੀ ਕੁੜੀ ਦੀ ਲੋੜ — ਨੌਕਰੀ ਕਰਦਾ ਕੁੱਤਾ। ਖ਼ਬਰ ਕੱਟ ਲੈਣ ਵਾਲੇ ਦਾ ਦਿਲ ਕਰਦਾ — ਇਸ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਏ। ਆਪਣੀ ਸਾਰ ਪਕਾਏ ਦੇ ਕੇ ਲੋਕਾਂ ਨੂੰ ਹੈਰਾਨ ਕਰਨ ਅਤੇ ਬਾਰ ਵਿੱਚ ਆਖਣ," ਦੇਖਿਆ ! ਆਹ ਹੈ ਕੁੱਤੇ ਦੀ ਕਿਸਮਤ — ਤੁਸੀਂ ਵੀ ਕੁੱਤੇ ਬਣੋ ਤੇ ਜ਼ਿੰਦਗੀ ਦੇ ਸੁਖ ਲੁੱਟੋ। ਬੜੀ ਮੌਜ ਹੈ ਕਰੋ ਖਾਣ ਵਿੱਚ — ਕਦੇ ਕਦੇ ਭੌਂਕ ਛੱਡਿਆ ਜਾਂ ਫਿਰ ਪੈਰਾਂ ਉਪਰ ਪੂਛ ਰੱਖਕੇ ਸੁੱਤੇ ਰਹੋ — ਬੜੀ ਮੌਜ ਹੈ — ਨਾਲੇ ਕੁੜੀਆਂ — ।"

ਜਦ ਵੀ ਕੋਈ ਉਸ ਖ਼ਬਰ ਨੂੰ ਜੋ ਕਿ ਸ਼ਾਇਦ ਇਸ਼ਤਿਹਾਰ ਸੀ, ਕੱਟਣ ਲੱਗਦਾ ਤਾਂ ਕੋਈ ਝਿੜਕਦਾ ਕਹਿੰਦਾ," ਕੀ ਕਰਦੈਂ ਯਾਰ — ਪੜ੍ਹ ਤਾਂ ਲੈਣ ਦੇ।"

ਕੱਟਣ ਵਾਲਾ ਪਾਸੇ ਖੜ੍ਹ ਜਾਂਦਾ। ਇਸ ਖ਼ਬਰ ਕੱਟਣ ਦੀ ਆਸ ਨਾਲ ਉਥੇ ਕੁੱਝ ਲੋਕ ਖੜ੍ਹ ਗਏ ਸਨ। ਠੰਢੀ ਹਵਾ ਕਾਰਨ, ਉਹਨਾਂ ਦੇ ਕੰਨ, ਨੱਕ ਦੀ ਕਰੂੰਬਲ ਅਤੇ ਗੱਲਾਂ ਲਾਲ ਹੋ ਗਈਆਂ ਸਨ। ਨੱਕਾਂ ਚੋਂ ਪਾਣੀ ਵਗ ਤੁਰਿਆ ਸੀ ਅਤੇ ਬੁੱਲ੍ਹਾਂ ਉਪਰ ਪਿਕਰੀ ਜੰਮ ਗਈ ਸੀ। ਪਰ ਉਹ ਬੜੇ ਆਰਾਮ ਨਾਲ ਖੜ੍ਹੇ ਸਨ।

( ਕਦੇ ਕੋਈ ਬੜੀ ਬੇਚੈਨੀ ਨਾਲ, ਖੁਸ਼ੀ ਨਾਲ ਅਜਿਹੇ ਢੰਗ ਵੇਖਦਾ ਜਿਨ੍ਹਾਂ ਦੀ ਕੋਈ ਸਮਝ ਨਾਂ ਪੈਂਦੀ। ਉਸਦੇ ਇੰਜ ਕਰਨ ਦਾ ਕਾਰਨ ਸ਼ਾਇਦ ਇਹ ਹੁੰਦਾ ਸੀ ਕਿ ਲੜਕੀ ਦੀ ਜਾਤ-ਪਾਤ ਦੀ, ਧਰਮ ਦੀ, ਕੁੱਤੇ ਦੇ ਮਾਲਕਾਂ ਨੂੰ ਕੋਈ ਪਰਵਾਹ ਨਹੀਂ ਸੀ। ਸੱਭ ਤੋਂ ਗ਼ਜ਼ਬ ਦੀ ਗੱਲ ਇਹ ਸੀ ਕਿ ਯੋਗ ਕੁੜੀ ਨੂੰ ਤਿੰਨਾਂ ਰੁਪਿਆਂ ਵਿੱਚ ਹੀ ਪੂਰਾ ਕਰਨ ਲਈ ਅਤੇ ਉਸਦੀਆਂ ਹੋਰ ਲੋੜਾਂ ਪੂਰੀਆਂ ਕਰਨ ਲਈ ਵਚਨਬੱਧ ਸਨ। ਨਹੀਂ ਤਾਂ ਬਾਹਰਲੇ ਮੁਲਕ ਜਾਣ ਲਈ ਵੀ ਫਲਤ ਲਟੇ ਪਟੇ ਦੀ ਜ਼ਰੂਰਤ ਪੈਂਦੀ ਹੈ।

ਇਹ ਪੜ੍ਹ ਕੇ ਕਈਆਂ ਦੇ ਪੈਰ ਧਰਤੀ ਉਪਰ ਨਾਂ ਲਗਦੇ। ਉਹ ਜਲਦੀ ਜਲਦੀ ਤੁਰ ਪੈਂਦੇ ਸਨ ਕਿਸੇ ਦੁਕਾਨ ਤੋਂ ਨਵਾਂ ਅਖ਼ਬਾਰ ਖ਼ਰੀਦਣ ਲਈ — ਤਾਂ ਜੋ ਕੁੱਤੇ ਦੇ ਮਾਲਕਾਂ ਦਾ ਪਤਾ ਜੋ ਸ਼ਾਇਦ ਇਸ ਅਖ਼ਬਾਰ ਤੋਂ ਪਾਟ ਗਿਆ ਸੀ। ਉਹਨਾਂ ਨੂੰ ਮਿਲ ਸਕੇ।

ਕੁੱਝ ਲੋਕ ਘਬਰਾਹਟ ਜਿਹੀ ਵਿੱਚ ਤੁਰੇ ਜਾਂਦੇ ਵਾਪਸ ਮੁੜ ਆਉਂਦੇ ਸਨ। ਉਹ ਅਖ਼ਬਾਰ ਦੇ ਪੰਨੇ ਤੋਂ — ਅਖ਼ਬਾਰ ਦਾ ਨਾਂ ਅਤੇ ਤਰੀਕ ਪੜ੍ਹਦੇ। ਫਿਰ ਨਾਮ.... ਨਾਮ.... ਜਪਣ ਵਾਂਗ ਉਸ ਅਖ਼ਬਾਰ ਦਾ ਨਾਂ ਤੇ ਤਰੀਕ ਜਪਦੇ ਇੰਜ ਅਲੋਪ ਹੋ ਜਾਂਦੇ ਜਿਵੇਂ ਮਿੱਟੀ ਵਿੱਚ ਕਿਧਰੇ ਰੁਲ ਗਏ ਹੋਣ।

ਇਹ ਖ਼ਬਰ ਜੋ ਕਿ ਸ਼ਾਇਦ ਇਸ਼ਤਿਹਾਰ ਸੀ — ਪੜ੍ਹਨ ਵਿੱਚ ਕੁੜੀਆਂ ਨੂੰ ਖ਼ਾਸ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਥੇ ਰੁਕਣ ਵਾਲੀਆਂ ਕੁੜੀਆਂ ਨੂੰ, ਪਾਸ ਖੜ੍ਹੇ ਮੁੰਡੇ ਕਹਿੰਦੇ ਸਨ।

" ਸਾਨੂੰ ਆਪਣੇ ਕੁੱਤੇ ਸਮਝ ਲਓ ?"

" ਸਾਨੂੰ ਤਾਂ ਚੱਟਣ ਦਾ ਬੜਾ ਸ਼ੌਕ ਹੈ — ਤੁਹਾਨੂੰ ਚੋਣ ਨਾਂ ਪਿਆ ਕਰਨਗੇ।"
ਆਪਣੀ ਗੱਲ ਕਹਿਕੇ ਉਹ ਇੰਜ ਹੱਸਦੇ ਜਿਵੇਂ ਪੈਰ ਚੱਟਣ ਨਾਲ ਜੰਮਿਆ ਪਾਣੀ ਪਿਘਲਦਾ ਹੈ!

" ਰੱਬਾ ਸਾਨੂੰ ਵੀ ਕਿਸੇ.... ।" ਤੇ ਉਹ ਕਿਸੇ ਕੁੜੀ ਵੱਲ ਇਸ਼ਾਰਾ ਕਰਦੇ" ਇਹੋ-ਜਿਹੀ ਦੇ ਕੁੱਤੇ ਬਣਾ ਲੈ।"

" ਦੁੱਧ ਬੜੇ ਪਿਆਰ ਨਾਲ ਪਿਲਾਇਆ ਕਰੇਗੀ — ਸਿਰ ਉਪਰ ਹੱਥ ਫੇਰ ਫੇਰ....।"

ਉਹ ਨਾਲ ਖੜ੍ਹੇ ਮੁੰਡੇ ਦੇ ਸਿਰ ਉਪਰ ਹੱਥ ਫੇਰਦੇ ਅਤੇ ਸਾਰੇ ਗਾਉਂਦੇ,' ਪੀ ਲੈ.... ਪੀ ਲੈ.... ਮੇਰਾ ਰਾਜਾ।

ਇੱਕ ਦੋ ਕੁੜੀਆਂ ਨੇ ਇੰਜ ਅਵਾ ਤਵਾ ਬੋਲਣ ਵਾਲੇ ਮੁੰਡਿਆਂ ਦੇ ਥੱਪੜ ਵੀ ਲਾਏ ਸਨ ਕੁੱਝ ਮੁਸਕਰਾ ਕੇ ਤੁਰ ਗਈਆਂ ਸਨ।

ਪਰ ਜੋ ਖ਼ਬਰ ਕੱਟਣ ਦੀ ਆਸ ਨਾਲ ਖੜ੍ਹੇ ਸਨ ਉਹਨਾਂ ਨੂੰ ਇਸ ਗੱਲ ਦੀ ਕੋਈ ਬਹੁਤੀ ਪਰਵਾਹ ਨਹੀਂ ਸੀ। ਉਹਨਾਂ ਵਿਚੋਂ ਅਚਾਨਕ ਕਿਸੇ ਨੇ ਕਿਹਾ," ਬਈ ਛੇਤੀ ਛੇਤੀ ਪੜ੍ਹ ਲਓ। ਸਾਥੋਂ ਹੋਰ ਇੰਤਜ਼ਾਰ ਨਹੀਂ ਕੀਤਾ ਜਾਂਦਾ — ਠੰਢ ਬਹੁਤ ਹੈ ਅਤੇ ਅਸੀਂ ਖੜ੍ਹੇ ਖੜ੍ਹੇ ਥੱਕ ਗਏ ਹਾਂ।"

ਇੱਕ ਨੇ ਐਲਾਨ ਕੀਤਾ," ਮੈਂ ਪੜ੍ਹ ਲਈ ਹੈ — ਬੇਸ਼ਕ ਕੱਟ ਲਓ।"

" ਪੜ੍ਹਨ ਵਾਲਿਓ — ਤੁਸੀਂ ਪੜ੍ਹਨਾ ਛੱਡੋ — ਇਸ ਦਾ ਕੋਈ ਫ਼ਾਇਦਾ ਨਹੀਂ — ਇਸ ਭਾਈ ਸਾਹਿਬ ਨੂੰ ਸੁਣੋ। ਇਸ ਨੇ ਸਾਰੀ ਅਖ਼ਬਾਰ ਪੜ੍ਹ ਲਈ ਹੈ।

ਲੋਕਾਂ ਨੇ ਇੰਜ ਉਸਦਾ ਕਹਿਣਾ ਮੰਨ ਲਿਆ ਜਿਵੇਂ ਉਹ ਕੋਈ ਪੁਲੀਸ ਅਫ਼ਸਰ ਹੋਵੇ।

ਉਹਨਾਂ ਐਲਾਨ ਕਰਨ ਵਾਲੇ ਨੂੰ ਘੇਰ ਲਿਆ।

ਉਸਨੇ ਦੱਸਣਾ ਸ਼ੁਰੂ ਕੀਤਾ," ਇਸ ਖ਼ਬਰ ਵਿੱਚ ਦੱਸਿਆ ਗਿਆ ਹੈ ਕਿ ਇੱਕ ਵਿਦੇਸ਼ ਵਿੱਚ ਰਹਿੰਦੇ ਕੁੱਤੇ ਲਈ — ਇੱਕ ਪੜ੍ਹੀ-ਲਿਖੀ, ਕਿਸੇ ਵੀ ਜਾਤ-ਬਰਾਦਰੀ ਅਤੇ ਕਿਸੇ ਵੀ ਧਰਮ ਨੂੰ ਮੰਨਣ ਵਾਲੀ ਲੜਕੀ ਦੀ ਸਖ਼ਤ ਜ਼ਰੂਰਤ ਸੀ। ਉਸ ਲੜਕੀ ਨੂੰ ਉਮਰ ਭਰ ਉਸ ਕੁੱਤੇ ਦੀ ਟਹਿਲ ਸੇਵਾ ਕਰਨੀ ਪੈਣੀ ਸੀ। ਅਖ਼ਬਾਰ ਕਹਿੰਦਾ ਹੈ ਕਿ ਉਸ ਕੁੱਤੇ ਦੀ ਸੇਵਾ ਲਈ, ਇਤਨੇ ਗਰੀਬ ਮੁਲਕਾਂ ਦੀਆਂ ਕੁੜੀਆਂ ਨੇ ਅਰਜ਼ੀਆਂ ਦਿੱਤੀਆਂ ਕਿ ਉਹਨਾਂ ਮੁਲਖਾਂ ਦੇ ਅਮੀਰ ਉਮੀਦਵਾਰ ਵੀ ਸ਼ਾਇਦ ਉਤਨੀਆਂ ਵੋਟਾਂ ਉਪਰ ਕਿਸੇ ਗਰੀਬ ਉਮੀਦਵਾਰਾਂ ਨੂੰ ਨਾਂ ਜਿੱਤਦੇ ਹੋਣ — ਭਾਵ ਅਣਗਿਣਤ

ਉਹ ਆਦਮੀ ਜੋ ਸਾਰੀ ਅਖ਼ਬਾਰ ਪੜ੍ਹ ਲੈਂਦਾ ਸੀ ਸ਼ਾਇਦ ਅਜੇ ਕੁੱਝ ਹੋਰ ਵੀ

(ਬਾਕੀ ਸਫ਼ਾ 25 'ਤੇ)

# ਕਾਨ੍ਹਪੁਰ ਜੇਲ੍ਹ 'ਚ ਮਾਸੂਮ ਬੱਚਿਆਂ ਨਾਲ ਬਲਾਤਕਾਰ

– ਧੰਨਵਾਦ ਸਹਿਤ 'ਹਿੰਦੀ ਜਨਸੱਤਾ ਵਿਚੋਂ'

ਆਜ਼ਾਦ ਭਾਰਤ ਦੀਆਂ ਜੇਲ੍ਹਾਂ 'ਚ ਕਿਸ ਤਰ੍ਹਾਂ ਦੀ ਸੰਸਕ੍ਰਿਤੀ ਪਲ ਰਹੀ ਹੈ, ਇਸ ਦਾ ਸਬੂਤ ਕਾਨ੍ਹਪੁਰ ਦੀ ਜੇਲ੍ਹ ਹੈ, ਜਿੱਥੇ ਮਾਸੂਮ ਬੱਚਿਆਂ ਨਾਲ ਸੋਚੀ-ਸਮਝੀ ਚਾਲ ਅਧੀਨ ਬਲਾਤਕਾਰ ਕੀਤਾ ਜਾਂਦਾ ਹੈ।

ਇਸ ਸਮੇਂ ਜੇਲ੍ਹ 'ਚ ਬੰਦ ਤੇ ਹੁਣੇ-ਹੁਣੇ ਰਿਹਾ ਹੋਏ ਕੁਝ ਬੱਚਿਆਂ ਨੇ ਇਸ ਗੱਲ ਦਾ ਪਰਦਾ ਫ਼ਾਸ਼ ਕੀਤਾ ਕਿ ਇਸ ਜੇਲ੍ਹ 'ਚ ਇਹ ਕੰਮ ਬਹੁਤ ਵੱਡੀ ਪੱਧਰ ਤੇ ਅਧਿਕਾਰੀਆਂ ਦੀ ਜਾਣਕਾਰੀ ਨਾਲ ਹੋ ਰਿਹਾ ਹੈ। ਇਹ ਬੱਚੇ ਆਮ ਤੌਰ ਤੇ ਕਾਹਨਪੁਰ ਜੇਲ੍ਹ ਦੀ ਬੈਰਕ ਨੰਬਰ 20 'ਚ ਰੱਖੇ ਜਾਂਦੇ ਹਨ। ਕਿਉਂਕਿ ਉਹਨਾਂ ਦੀ ਉਮਰ 16 ਸਾਲਾਂ ਤੋਂ ਉੱਪਰ ਦਸੀ ਜਾਂਦੀ ਹੈ। ਇਸ ਲਈ ਇਹਨਾਂ ਨੂੰ ਬਾਲ-ਸੁਧਾਰ ਕੇਂਦਰ 'ਚ ਭੇਜਣ ਦੀ ਥਾਂ ਸੁਨਿਸ਼ਚਿਤ ਚਾਲ ਦੇ ਤਹਿਤ ਜ਼ਿਲਾ ਕੇਂਦਰੀ ਜੇਲ੍ਹ 'ਚ ਲਿਆਇਆ ਜਾਂਦਾ ਹੈ। ਹੁਣੇ-ਹੁਣੇ ਰਾਜਨੀਤਿਕ ਕੈਦੀਆਂ ਦੇ ਆ ਜਾਣ ਤੇ ਇਹਨਾਂ ਵਿਚਾਰਧੀਨ ਬਾਲ ਕੈਦੀਆਂ ਨੂੰ ਬੈਰਕ ਨੰਬਰ 12 ਤੋਂ ਤਬਦੀਲ ਕਰ ਦਿੱਤਾ ਜਾਂਦਾ ਹੈ। ਜੇਲ੍ਹ ਨਿਯਮਾਂ ਦੇ ਅਨੁਸਾਰ 16 ਸਾਲਾਂ ਤੋਂ ਘਟ ਉਮਰ ਵਾਲੇ ਬੱਚਿਆਂ ਨੂੰ ਜੇਲ੍ਹ 'ਚ ਨਹੀਂ ਲਿਆਇਆ ਜਾਂਦਾ। 16 ਤੋਂ 18 ਸਾਲ ਦੇ ਕੈਦੀਆਂ ਨੂੰ ਵਖਰੀ ਬੈਰਕ 'ਚ ਰਖਣਾ ਚਾਹੀਦਾ ਹੈ ਤੇ ਉਹਨਾਂ ਕੋਲ ਕਿਸੇ ਹੋਰ ਕੈਦੀ ਨੂੰ ਜਾਣ ਦੀ ਇਜਾਜ਼ਤ ਨਹੀਂ, ਪਰ ਫਿਰ ਵੀ ਇਹ ਸਿਲਸਿਲਾ ਪਿਛਲੇ ਕਈ ਸਾਲਾਂ ਤੋਂ ਇਸ ਜੇਲ੍ਹ 'ਚ ਅਨੋਖੇ ਤਰੀਕੇ ਨਾਲ ਜਾਰੀ ਹੈ। ਜੇਲ੍ਹ ਦੇ ਨੰਬਰਦਾਰ ਤੇ ਹੋਰ ਕਰਮਚਾਰੀ ਇਸ ਟੋਹ 'ਚ ਰਹਿੰਦੇ ਨੇ ਕਿ ਕਿਹੜੇ ਦਿਨ ਕਿਹੜਾ ਬੱਚਾ ਜੇਲ੍ਹ 'ਚ ਆਇਆ ਹੈ। ਜਿਸ ਦਿਨ ਪੁਲਸ ਦੀ ਮਿਲੀ ਭੁਗਤ ਨਾਲ ਜ਼ਿਆਦਾ ਬੱਚੇ ਜੇਲ੍ਹ 'ਚ ਆਉਂਦੇ ਹਨ ਉਸ ਦਿਨ ਜੇਲ੍ਹ 'ਚ ਖੁਸ਼ੀ ਦਾ ਜਸ਼ਨ ਮਨਾਇਆ ਜਾਂਦਾ ਹੈ, ਇਸ ਤੋਂ ਬਾਦ ਸ਼ੁਰੂ ਹੁੰਦੀ ਹੈ ਘਿਨਾਉਣੀ ਖੇਡ।

ਬੱਚਿਆਂ ਨੇ ਦੱਸਿਆ ਕਿ ਪਹਿਲੇ ਜਾਂ ਦੂਜੇ ਦਿਨ ਉਹਨਾਂ ਦੀ ਥਾਲੀ ਤੇ ਗੜਵੀ ਚੋਰੀ ਕਰਵਾ ਦਿੱਤੀ ਜਾਂਦੀ ਹੈ। ਇਹ ਉਹਨਾਂ ਨੂੰ ਪੁੱਛ-ਗਿੱਛ ਦੇ ਦੌਰਾਨ ਜੇਲ੍ਹ ਦੇ ਨੰਬਰਦਾਰਾਂ ਵਲੋਂ ਬੜੀ ਬੁਰੀ ਤਰ੍ਹਾਂ, ਜ਼ਾਲਮਾਨਾ ਤਰੀਕੇ ਨਾਲ ਕੁੱਟਿਆ ਜਾਂਦਾ ਹੈ। ਇਸੇ ਦੌਰਾਨ ਸੋਚੀ-ਸਮਝੀ ਚਾਲ ਦੇ ਜੇਲ੍ਹ 'ਚ ਬੰਦ ਵੱਡੇ-ਵੱਡੇ ਅਪਰਾਧੀ ਉਹਨਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੇ ਹੋਏ ਕਹਿੰਦੇ ਨੇ ਕਿ ਜੇ ਉਹ ਉਹਨਾਂ ਦਾ 'ਇਕ ਕੰਮ' ਕਰ ਦੇਣ ਤਾਂ ਉਹਨਾਂ ਨੂੰ ਇਸ ਮਾਰ ਤੋਂ ਬਚਾ ਲੈਣਗੇ ਨਹੀਂ ਤੇ ਉਹਨਾਂ ਨਾਲ ਇਸੇ ਤਰ੍ਹਾਂ ਦਾ ਸਲੂਕ ਕੀਤਾ ਜਾਵੇਗਾ। ਮਾਰ ਦੇ ਡਰ ਤੋਂ ਸਹਿਮੇ ਬੱਚੇ ਆਪਣੇ ਆਪ ਨੂੰ ਉਹਨਾਂ ਜ਼ਾਲਮਾਂ ਦੇ ਹਵਾਲੇ ਕਰ ਦਿੰਦੇ ਹਨ। ਬਾਅਦ 'ਚ ਇਸ ਘਿਨਾਉਣੇ ਨਾਟਕ ਲਈ ਨੰਬਰਦਾਰ ਉਹਨਾਂ ਅਪਰਾਧੀਆਂ ਕੋਲੋਂ ਧਨ ਵਸੂਲ ਕਰਦੇ ਹਨ। ਇੱਥੇ ਇਹ ਗੱਲ ਚੇਤੇ ਰਖਣੀ ਚਾਹੀਦੀ ਹੈ ਕਿ ਜੇਲ੍ਹ ਦੇ ਇਹਨਾਂ ਕੈਦੀਆਂ ਵਿਚੋਂ ਹੀ ਨੰਬਰਦਾਰ ਬਣਾਏ ਜਾਂਦੇ ਹਨ।

ਬੱਚੇ ਰਾਹੀਂ ਆਤਮ-ਸਮਰਪਣ ਤੋਂ ਬਾਦ ਹਰ ਰੋਜ਼ 25 ਤੋਂ 30 ਵਿਅਕਤੀ ਉਹਨਾਂ ਨਾਲ ਅਮਾਨਵੀ ਵਿਹਾਰ ਕਰਦੇ ਹਨ ਤੇ ਮਾੜਾ ਜਿਹਾ ਨਾਂਹ-ਨੁੱਕਰ ਕਰਨ ਤੇ ਉਹਨਾਂ ਨੂੰ ਇਸ ਕਦਰ ਕੁਟਾਪਾ ਚਾੜ੍ਹਿਆ ਜਾਂਦਾ ਹੈ ਕਿ ਬੱਚਾ ਨਿਢਾਲ ਹੋ ਜਾਵੇ ਤੇ ਉਸ ਨਾਲ ਦੁਬਾਰਾ ਉਹੀ ਕੰਮ ਕੀਤਾ ਜਾਵੇ। ਬੈਰਕਾਂ ਤੇ ਤੈਨਾਤ ਨੰਬਰਦਾਰ ਹਰ ਕੈਦੀ ਕੋਲੋਂ ਇਸ ਕੰਮ ਲਈ 5 ਤੋਂ 10 ਰੁਪਏ ਵਸੂਲ ਕਰਦਾ ਹੈ ਜੋ ਉੱਪਰ ਤਕ ਵੰਡਿਆ ਜਾਂਦਾ ਹੈ। ਲੜਕੇ ਦੀ ਇਹ ਕੀਮਤ ਸ਼ਕਲ ਸੂਰਤ ਦੇ ਆਧਾਰ ਤੇ ਲਈ ਜਾਂਦੀ ਹੈ ਤੇ ਇਸ ਕਿਸਮ ਸੌਦੇ ਤੋਂ ਹਜ਼ਾਰਾਂ ਰੁਪਏ ਦੀ ਆਮਦਨੀ ਜੇਲ੍ਹ ਕਰਮਚਾਰੀ ਕਰਦੇ ਹਨ।

ਜੇਲ੍ਹ 'ਚ ਬੰਦ ਕੁਝ ਇਕ ਬਾਲ ਕੈਦੀਆਂ ਨੇ ਹਾਲ ਵਿਚ ਹੀ ਰਿਹਾ ਹੁੰਦਿਆਂ ਇਸ ਪੱਤਰਕਾਰ ਨੂੰ, ਰੋਂਦੇ ਹੋਏ ਦੱਸਿਆ ਕਿ ਬੁਰਾ ਕੰਮ ਕਰਨ ਤੋਂ ਇਨਕਾਰ ਕਰਨ ਤੇ ਦੋ ਵਿਅਕਤੀ ਉਹਨਾਂ ਨੂੰ ਫੜ ਲੈਂਦੇ ਸਨ ਤੇ ਤੀਜਾ ਵਿਅਕਤੀ ਪੂਰੇ ਜ਼ੋਰ ਨਾਲ ਉਹਨਾਂ ਦੇ ਢਿੱਡ ਵਿਚ ਮੁੱਕੇ ਮਾਰਦਾ ਹੈ। ਸਿੱਟੇ ਵਜੋਂ ਇਕ-ਦਮ ਉਲਟੀਆਂ ਹੋਣ ਲਗ ਪੈਂਦੀਆਂ ਹਨ ਤੇ ਇਕ ਜਾਂ ਦੋ ਮੁੱਕਿਆਂ ਤੋਂ ਬਾਦ ਹੀ ਇਹ ਬੱਚੇ ਨਿਢਾਲ ਹੋ ਕੇ ਜ਼ਮੀਨ ਤੇ ਡਿਗ ਪੈਂਦੇ ਹਨ। ਇਸ ਤੋਂ ਬਾਦ ਦਰਜਨਾਂ ਬੰਦੇ ਉਸ ਨਾਲ ਵਿਭਚਾਰ ਕਰਦੇ ਹਨ। ਮੁੱਕਿਆਂ ਦੀ ਮਾਰ ਨਾਲ ਹਫਤਿਆਂ-ਬੱਧੀ ਢਿੱਡ ਦੁਖਦਾ ਰਹਿੰਦਾ ਹੈ। ਇਹਨਾਂ ਬੱਚਿਆਂ ਨੇ ਦਸਿਆ ਕਿ ਕੁੱਟਣ ਦੀ ਦੂਜੀ ਪਰਕਿਰਿਆ ਨੂੰ 'ਫਲਟਾਵ' ਕਿਹਾ ਜਾਂਦਾ ਹੈ ਜਿਸ ਵਿਚ ਵਿਰੋਧ ਕਰਨ ਵਾਲੇ ਬੱਚੇ ਨੂੰ ਮੂੰਹ ਦੇ ਭਾਰ ਜ਼ਮੀਨ ਤੇ ਲਿਟਾ ਲਿਆ ਜਾਂਦਾ ਹੈ ਤੇ ਉਸ ਦੇ ਪੈਰ ਉੱਪਰ ਕਰ ਕੇ ਤਲੀਆਂ ਤੇ ਲਾਠੀਆਂ ਮਾਰੀਆਂ ਜਾਂਦੀਆਂ ਹਨ। ਸਿੱਟੇ ਵਜੋਂ ਉਹਨਾਂ ਦਾ ਸਿਰ ਫਟਣ ਲਗ ਪੈਂਦਾ ਹੈ ਤੇ ਉਹ ਆਪਣੇ ਆਪ ਨੂੰ ਜ਼ਾਲਮਾਂ ਦੇ ਹਵਾਲੇ ਕਰ ਦਿੰਦੇ ਹਨ। ਇਸ ਪ੍ਰਸੰਗ ਵਿਚ ਸਭ ਤੋਂ ਸ਼ਰਮਨਾਕ ਗੱਲ ਇਹ ਹੈ ਕਿ ਇਹ ਸਭ ਗੱਲਾਂ ਜੇਲ੍ਹ ਅਧਿਕਾਰੀਆਂ ਦੀ ਜਾਣਕਾਰੀ ਹੇਠ ਹੁੰਦੀਆਂ ਹਨ।

ਇਸ ਤੋਂ ਇਲਾਵਾ, ਇਹਨਾਂ ਕਰਮਚਾਰੀਆਂ ਦੀ ਸਾਜ਼ਿਸ਼ ਨਾਲ ਕੈਦੀਆਂ ਨੂੰ ਵੱਡੇ-ਵੱਡੇ ਅਪਰਾਧੀਆਂ ਦੀਆਂ ਬੈਰਕਾਂ ਵਿਚ ਭੇਜਿਆ ਜਾਂਦਾ ਹੈ, ਜਿੱਥੇ ਉਹਨਾਂ ਨੂੰ ਪੂਰਾ ਦਿਨ ਤੇ ਰਾਤ ਉਥੇ ਰੱਖਿਆ ਜਾਂਦਾ ਹੈ। ਏਥੇ ਇਹ ਗੱਲ ਕਰਨੀ ਫਜ਼ੂਲ ਹੈ ਕਿ ਜੇਲ੍ਹ ਦੇ ਨਿਯਮਾਂ ਦੇ ਅਨੁਸਾਰ ਬਾਲ ਕੈਦੀਆਂ ਨੂੰ ਉਹਨਾ ਦੀਆਂ ਬੈਰਕਾਂ 'ਚੋਂ ਕੱਢਿਆ ਨਹੀਂ ਜਾਣਾ ਚਾਹੀਦਾ। ਕਾਨ੍ਹਪੁਰ ਜੇਲ੍ਹ ਦੀ ਬੈਰਕ ਨੰਬਰ 10 ਤੇ 14 ਵਿਚ ਇਹ ਕੰਮ ਸਭ ਤੋਂ ਜ਼ਿਆਦਾ ਹੁੰਦਾ ਹੈ, ਜਿੱਥੇ ਕਿ ਵੱਡੇ-ਵੱਡੇ ਅਪਰਾਧੀ ਨਜ਼ਰਬੰਦ ਹਨ। ਜੇਲ੍ਹ ਨਿਯਮਾਂ ਮੁਤਾਬਿਕ ਬਾਲ ਕੈਦੀਆਂ ਕੋਲੋਂ ਕਿਸੇ ਤਰ੍ਹਾਂ ਦਾ ਕੋਈ ਕੰਮ ਨਹੀਂ ਲਿਆ ਜਾਣਾ ਚਾਹੀਦਾ, ਪਰ ਪੈਸੇ ਦੇ ਲਾਲਚ ਕਰ ਕੇ ਜੇਲ੍ਹ ਕਰਮਚਾਰੀ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਇਹਨਾਂ ਬਾਲ-ਕੈਦੀਆਂ ਨੂੰ ਬੈਰਕਾਂ 'ਚੋਂ ਬਾਹਰ ਕੱਢ ਕੇ ਉਹਨਾ ਨਾਲ ਅਮਾਨਵੀ ਵਿਭਚਾਰ ਕਰਵਾਉਂਦੇ ਹਨ। ਇਸ ਪ੍ਰਕਿਰਿਆ ਵਿਚ ਜੇ ਕੋਈ ਬੱਚਾ ਥੋੜਾ-ਬਹੁਤ ਪ੍ਰਤਿਰੋਸ ਕਰਦਾ ਹੈ ਤਾਂ, ਉਹਨਾ ਨੂੰ ਇਹ ਕੈਦੀ ਦੂਜੀ ਤਰ੍ਹਾਂ ਡਰਾਉਂਦੇ-ਧਮਕਾਉਂਦੇ ਹਨ ਕਿ ਜੇ ਉਹ ਇਸ ਗੱਲ ਲਈ ਤਿਆਰ ਨਹੀਂ ਤੇ ਉਸ ਦੇ ਘਰ ਵਾਲਿਆਂ ਨੂੰ ਗੋਲੀ ਜਾਂ ਚਾਕੂ ਮਾਰ ਦਿੱਤਾ ਜਾਵੇਗਾ। ਕੁਝ ਅਪਰਾਧੀ ਤਾਂ ਇੱਥੇ ਹੀ ਕੁਝ ਬੱਚਿਆਂ ਨੂੰ ਆਪਣੇ ਗਰੋਹ ਵਿਚ ਸ਼ਾਮਿਲ ਕਰ ਲੈਂਦੇ ਹਨ ਤੇ ਉਹਨਾ ਕੋਲੋਂ ਅਪਰਾਧ ਕਾਰਜ ਚੋਰੀ, ਸਮਗਲਿੰਗ ਤੇ ਜੇਬ ਕਤਰਨ ਜਿਹੇ ਕੰਮ ਕਰਾਉਂਦੇ ਹਨ।

ਉਕਤ ਬਾਲ-ਦੋਸ਼ੀਆਂ ਨੇ ਦੱਸਿਆ ਕਿ ਜੇਲ੍ਹ ਵਿਚ ਉਹਨਾਂ ਨੂੰ ਰਾਸ਼ਨ ਵੀ ਘੱਟ ਤੇ ਖਰਾਬ ਕਿਸਮ ਦਾ ਦਿੱਤਾ ਜਾਂਦਾ ਹੈ, ਜਿਸ ਨਾਲ ਉਹਨਾਂ ਨੂੰ ਭੁੱਖਿਆਂ ਰਹਿਣਾ ਪੈਂਦਾ ਹੈ। ਕਿਉਂਕਿ ਲੋਟੂ ਅਪਰਾਧੀਆਂ ਨੂੰ ਖਾਣਾ ਵੀ ਵਧੇਰੇ ਦਿੱਤਾ ਜਾਂਦਾ ਹੈ ਤੇ ਉਹਨਾਂ ਲਈ ਬਾਹਰੋਂ ਚੰਗੇ-ਚੰਗੇ ਪਦਾਰਥ ਮੰਗਾਏ ਜਾਂਦੇ ਹਨ, ਇਸ ਲਈ ਉਹ ਬੱਚਿਆਂ ਨੂੰ ਖਾਣ ਦਾ ਲਾਲਚ ਦੇਂਦੇ ਹਨ। ਦਰਅਸਲ ਇਹ ਵੀ ਇਸ ਘਿਨਾਉਣੀ ਚਾਲ ਦਾ ਇਕ ਹਿੱਸਾ ਹੈ ਕਿ ਭੁੱਖ ਨਾਲ ਅੰਤ 'ਚ ਬੱਚਾ ਉਹਨਾਂ ਅਪਰਾਧੀਆਂ ਦੇ ਸਾਹਮਣੇ ਮਜਬੂਰ ਹੋ ਜਾਂਦਾ ਹੈ ਤੇ ਉਸ ਤੋਂ ਬਾਦ ਉਸ ਦਾ ਮਨ-ਚਾਹੇ ਢੰਗ ਨਾਲ ਉਪਯੋਗ ਕੀਤਾ ਜਾਂਦਾ ਹੈ। ਏਥੇ ਬਾਲ ਕੈਦੀਆਂ ਨੂੰ ਸਿਰਫ ਸਾਢੇ ਅਠ ਛਟਾਂਕ ਆਟੇ ਦੀਆਂ ਰੋਟੀਆਂ ਪ੍ਰਤੀਦਿਨ ਮਿਲਦੀਆਂ ਹਨ, ਜਦੋਂ ਕਿ ਇਥੇ ਲੋਟੂ ਅਪਰਾਧੀਆਂ ਨੂੰ ਜ਼ਾਹਿਰਾ ਤੌਰ ਤੇ ਸਾਢੇ ਦਸ ਛਟਾਂਕ ਤੇ ਹੋਰ ਵੀ ਕਈ ਤਰੀਕਿਆਂ ਨਾਲ ਖਾਣਾ ਦਿਤਾ ਜਾਂਦਾ ਹੈ।

ਇਸ ਜੇਲ੍ਹ ਦੇ ਸਬੰਧ ਵਿਚ ਅਨੋਖੀ ਗੱਲ ਦਾ ਇਹ ਪਤਾ ਲੱਗਾ ਹੈ ਕਿ ਜਿੱਥੇ ਇਕ ਬੰਨੇ ਬਾਲ-ਕੈਦੀਆਂ ਨੂੰ ਢਿੱਡ ਭਰਨ ਜੋਗਾ ਖਾਣਾ ਵੀ ਨਹੀਂ ਦਿੱਤਾ ਜਾਂਦਾ ਨਹੀਂ ਉਥੇ ਕੁਰਖਤ ਅਪਰਾਧੀ ਰੋਟੀਆਂ ਨੂੰ ਬਾਲਣ ਦੇ ਤੌਰ ਤੇ ਵਰਤਦੇ ਹਨ। ਜੇਹਲੋਂ ਰਿਹਾ ਹੋਏ ਕਈ ਬੱਚਿਆਂ ਨੇ ਦੱਸਿਆ ਕਿ ਭਾਵੇਂ ਇਹਨਾਂ ਅਪਰਾਧੀਆਂ ਦਾ ਖਾਣਾ ਉਹਨਾਂ ਦੇ ਘਰੋਂ ਰੋਜ਼ ਜੇਲ੍ਹ 'ਚ ਆਉਂਦਾ ਹੈ ਫਿਰ ਵੀ ਉਹ ਜੇਲ੍ਹ 'ਚ ਮਿਲਣ ਵਾਲਾ ਖਾਣਾ ਜ਼ਰੂਰ ਲੈ ਲੈਂਦੇ ਹਨ ਤੇ ਇਹਨਾਂ ਰੋਟੀਆਂ ਨੂੰ ਚੰਗੀ ਤਰ੍ਹਾਂ ਧੁੱਪੇ ਸੁਕਾ ਕੇ, ਉਹਨਾਂ ਹੀ ਸੁੱਕੀਆਂ ਰੋਟੀਆਂ ਨਾਲ ਬੈਰਕਾਂ ਅੰਦਰ ਉਹ ਚੁੱਲ੍ਹਾ ਬਾਲ ਕੇ ਦਿਨ 'ਚ ਕਈ ਵਾਰ ਚਾਹ ਬਣਾ ਕੇ ਪੀਂਦੇ ਨੇ ਤੇ ਆਪਣੀ ਸੇਵਾ ਕਰਨ ਵਾਲੇ ਜੇਲ੍ਹ ਕਰਮਚਾਰੀਆਂ ਤੇ ਹੋਰ ਕੈਦੀਆਂ ਨੂੰ ਵੀ ਪਿਆਉਂਦੇ ਹਨ। ਅਜਿਹੇ ਕੁਰਖਤ ਅਪਰਾਧੀਆਂ ਨੂੰ ਜੇਲ੍ਹ ਵਲੋਂ ਵਿਸ਼ੇਸ਼ ਸਹੂਲਤਾਂ ਪ੍ਰਾਪਤ ਹਨ, ਜਿਸ ਦੇ ਬਦਲੇ ਵਜੋਂ ਉਹ ਜੇਲ੍ਹ ਅਧਿਕਾਰੀਆਂ ਨੂੰ ਮੋਟੀਆਂ ਰਕਮਾਂ ਦਿੰਦੇ ਹਨ। ਇਨ੍ਹਾਂ ਕੈਦੀਆਂ ਲਈ ਸਵੇਰੇ ਜੇਲ੍ਹ ਤੋਂ ਬਾਹਰੋਂ ਦੁੱਧ ਤੇ ਮਿਠਾਈ ਆਉਂਦੀ ਹੈ ਤੇ ਬਾਹਰੋਂ ਹੀ ਖਾਣਾ ਆਉਂਦਾ ਹੈ। ਇਹ ਹੀ ਨਹੀਂ, ਸਗੋਂ ਜੇਲ੍ਹ ਕਰਮਚਾਰੀ ਉਹਨਾਂ ਨੂੰ ਗਾਂਜਾ, ਚਰਸ ਆਦਿ ਵੀ ਪਹੁੰਚਾਉਂਦੇ ਹਨ। ਮਨੋਰੰਜਨ ਲਈ ਟਰਾਂਜਿਸਟਰ ਵੀ ਉਹਨਾਂ ਕੈਦੀਆਂ ਕੋਲ ਪਹੁੰਚ ਜਾਂਦਾ ਹੈ।

ਇਸ ਜੇਲ੍ਹ ਬਾਰੇ ਇਨ੍ਹਾਂ ਬੱਚਿਆਂ ਨੇ ਇਕ ਗੰਭੀਰ ਗੱਲ ਇਹ ਦੱਸੀ ਕਿ ਇਕ ਵਾਰ ਵਿਭਚਾਰ ਹੋਣ ਬਾਦ ਉਹ ਬਾਲਕ ਪੂਰੀ ਜੇਲ੍ਹ 'ਚ ਪ੍ਰਸਿਧ ਹੋ ਜਾਂਦੇ ਹਨ ਤੇ ਉਹਨਾਂ ਨੂੰ ਨੰਗਾ ਕਰ ਕੇ ਬੈਰਕਾਂ ਵਿਚ ਨਚਾਇਆ ਜਾਂਦਾ ਹੈ। ਅਕਸਰ ਨਾਚ ਤੋਂ ਬਾਦ ਉਥੋਂ ਦੇ ਅਪਰਾਧੀ ਕੈਦੀ ਮਨ-ਪਸੰਦ ਬੱਚੇ ਨੂੰ ਚੁਣ ਕੇ ਰਾਤ ਭਰ ਲਈ ਲੈ ਜਾਂਦੇ ਹਨ। ਕਿਸੇ ਵੀ ਅਪਰਾਧੀ ਨਾਲ ਇਕ ਵਾਰ ਮਜਬੂਰਨ ਸਹਿਵਾਸ ਦੇ ਬਾਦ ਉਹ ਲੜਕਾ ਪੂਰੀ ਜੇਲ੍ਹ 'ਚ ਏਨਾਂ ਬਦਨਾਮ ਹੋ ਜਾਂਦਾ ਹੈ ਕਿ ਫਿਰ ਉਹ ਕਿਸੇ ਵੀ ਅਪਰਾਧੀ ਕੈਦੀ ਨੂੰ ਇਸ ਤੋਂ ਇਨਕਾਰ ਨਹੀਂ ਕਰ ਸਕਦਾ। ਇਹੋ ਹੀ ਨਹੀਂ, ਜਿਸ ਕੁਰਖਤ ਅਪਰਾਧੀ ਕੋਲ ਜਿੰਨੇ ਜ਼ਿਆਦਾ ਬੱਚੇ ਹੁੰਦੇ ਹਨ, ਉਹ ਉਨਾਂ ਹੀ ਵੱਡਾ 'ਦਾਦਾ' ਸਮਝਿਆ ਜਾਂਦਾ ਹੈ, ਜ਼ਾਹਿਰ ਹੈ ਕਿ ਇਹੋ ਜਿਹੀ ਸਥਿਤੀ 'ਚ 'ਦਾਦਾ' ਬਣਨ ਲਈ ਆਪਸ 'ਚ ਦੌੜ ਲਗੀ ਰਹਿੰਦੀ ਹੋਵੇਗੀ।

ਕੁਝ ਮਹੀਨੇ ਪਹਿਲਾ ਜੇਲ੍ਹ ਦੇ ਇਕ ਰਿਟਾਇਰ ਹੋਏ ਅਧਿਕਾਰੀ, ਜਿਸ ਨੇ ਕਿ ਆਪਣਾ ਨਾਂ ਗੁਪਤ ਰੱਖਣ ਲਈ ਕਿਹਾ, ਨੇ ਦਸਿਆ ਕਿ ਇਹਨਾਂ ਬੱਚਿਆਂ ਨਾਲ ਏਨੇ ਵਡੇ ਪੈਮਾਨੇ ਤੇ ਵਿਭਚਾਰ ਕੀਤਾ ਜਾਂਦਾ ਹੈ ਕਿ ਇਹ ਮੁਜਾਕ ਵਰਗੀਆਂ ਭੈੜੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ ਤੇ ਉਹਨਾਂ ਦੀ ਜ਼ਿੰਦਗੀ ਤਬਾਹ ਹੋ ਜਾਂਦੀ ਹੈ। ਜੇ ਜੇਲ੍ਹ ਤ ਕੁਝ ਚਾਹੁੰਦੇ ਵੀ ਨੇ ਤੇ ਉਹਨਾਂ ਨੂੰ ਕਤਲ ਕਰਨ ਦੀਆਂ ਤੇ ਉਧਾਲੇ ਦੀਆਂ ਧਮਕੀਆਂ ਦਿਤੀਆਂ ਜਾਂਦੀਆਂ ਹਨ, ਕਿਉਂਕਿ ਠੇਕੇਦਾਰ ਹਜ਼ਾਰਾਂ ਰੁਪਏ ਇਸ ਕੰਮ ਤੋਂ ਕਮਾ ਕੇ ਆਪਣੇ ਘਰਾਂ ਨੂੰ ਭੇਜਦੇ ਹਨ।

ਉਸ ਅਧਿਕਾਰੀ ਨੇ ਇਸ ਗੱਲ ਦਾ ਪਰਦਾ ਫਾਸ਼ ਕੀਤਾ ਕਿ ਪੁਲਸ ਦੀ ਇਹੋ ਜਿਹੇ ਲੋਕਾਂ ਨਾਲ ਗੰਢ-ਤੁੱਪ ਹੁੰਦੀ ਹੈ ਤੇ ਉਹ ਵੀ ਪੈਸੇ ਦੇ ਲਾਲਚ ਵਿਚ ਅਜਿਹੇ ਬੱਚਿਆਂ ਨੂੰ ਫੜ ਕੇ ਝੂਠੇ ਅਪਰਾਧਾਂ 'ਚ ਫਸਾਉਂਦੇ ਹਨ। 10 ਜਾਂ 12 ਸਾਲ ਦੇ ਬੱਚੇ ਨੂੰ ਵੀ ਸੋਲ੍ਹਾਂ ਸਾਲ ਦਾ ਵਿਖਾ ਕੇ ਅਦਾਲਤ 'ਚ ਪੇਸ਼ ਕਰਦੇ ਹਨ। ਮੈਜਿਸਟ੍ਰੇਟ ਬਿਨਾਂ ਬੱਚੇ ਨੂੰ ਦੇਖੇ ਜਾਂ ਉਹਦੀ ਉਮਰ ਦਾ ਅੰਦਾਜ਼ਾ ਲਾਉਣ ਬਿਨਾਂ ਹੀ ਉਹਨੂੰ ਬਾਲ ਸੁਧਾਰ ਘਰ ਭੇਜਣ ਦੀ ਬਜਾਇ ਜੇਲ੍ਹ ਭੇਜ ਦਿੰਦੇ ਹਨ ਜਿਥੇ ਉਨ੍ਹਾਂ ਨੂੰ ਹਵਸ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਅਦਾਲਤਾਂ ਵਿਚ ਇਕ ਤਮਾਸ਼ਾ ਇਹ ਵੀ ਹੁੰਦਾ ਹੈ ਕਿ

ਮੈਜਿਸਟ੍ਰੇਟ ਬੱਚੇ ਦੀ ਉਮਰ ਲਈ ਡਾਕਟਰੀ ਰਿਪੋਰਟ ਦਾਖਿਲ ਕਰਨ ਲਈ ਦੋ ਜਾਂ ਤਿੰਨ ਹਫ਼ਤਿਆਂ ਦਾ ਮੌਹਲਤ ਪੁਲੀਸ ਨੂੰ ਦਿੰਦਾ ਹੈ, ਤਦ ਤਕ ਉਸ ਬੱਚੇ ਨੂੰ ਜੇਲ੍ਹ ਵਿਚ ਅਪਰਾਧੀਆਂ ਦੇ ਲਈ ਤੋਹਫ਼ੇ ਦੇ ਤੌਰ ਤੇ ਰਖਿਆ ਜਾਂਦਾ ਹੈ। ਜਦੋਂ ਕਿ ਮੈਜਿਸਟਰੇਟ ਜੇ ਚਾਹੇ ਤਾਂ ਡਾਕਟਰ, ਉਮਰ ਦਾ ਪ੍ਰਮਾਣ ਪੱਤਰ ਉਸੇ ਦਿਨ ਭੇਜ ਸਕਦਾ ਹੈ। ਜੇਕਰ ਇਕ ਜਾਂ ਦੋ ਹਫ਼ਤਿਆਂ ਦਾ ਸਮਾਂ ਦੇ ਵੀ ਦਿਤਾ ਜਾਂਦਾ ਹੈ ਤਾਂ ਬੱਚੇ ਨੂੰ ਉਸ ਦੌਰਾਨ ਜੇਲ੍ਹ 'ਚ ਰੱਖਣ ਦੀ ਬਜਾਇ ਕਾਨ੍ਹਪੁਰ ਸਥਿਤ ਕਿਦਵਈ ਨਗਰ ਬਾਲ ਸੁਧਾਰ ਘਰ ਵਿਚ ਕਿਉਂ ਨਹੀਂ ਰਖਿਆ ਜਾਂਦਾ? ਇੱਥੇ ਇਕ ਵਰਨਣ ਯੋਗ ਤੱਥ ਇਹ ਵੀ ਹੈ ਕਿ ਇਸ ਜੇਲ੍ਹ 'ਚ ਭਰਤੀ ਕੀਤੇ ਕਰਮਚਾਰੀ ਬਹੁਤ ਘੱਟ ਹਨ ਤੇ ਲਿਖਾ-ਪੜ੍ਹੀ ਤੋਂ ਲੈ ਕੇ ਜਮਾਦਾਰੀ ਤਕ ਦਾ ਕੰਮ ਜੇਲ੍ਹ ਕੈਦੀਆਂ ਵਿਚੋਂ ਹੀ ਨਿਯੁਕਤ ਕਰਮਚਾਰੀਆਂ ਕੋਲੋਂ ਲਿਆ ਜਾਂਦਾ ਹੈ, ਜੋ ਇਸ ਦਾ ਨਜਾਇਜ਼ ਲਾਭ ਉਠਾ ਕੇ ਕਾਫ਼ੀ ਪੈਸੇ ਕਮਾ ਰਹੇ ਹਨ। ਅਤੇ ਸਜ਼ਾ ਪੂਰੀ ਹੋਣ ਦੇ ਬਾਵਜੂਦ ਜੇਲ੍ਹ ਛੱਡ ਕੇ ਨਹੀਂ ਜਾਣਾ ਚਾਹੁੰਦੇ।

ਉੱਤਰ ਪ੍ਰਦੇਸ਼ ਦੇ ਜੇਲ੍ਹ ਉਪ ਮਹਾਂ ਨਿਰੀਖਕ ਦੁਆਰਾ 14 ਦਸੰਬਰ ਨੂੰ ਜਾਰੀ ਇਕ ਬਿਆਨ ਵਿਚ ਇਹ ਸਵੀਕਾਰ ਕੀਤਾ ਗਿਆ ਹੈ ਕਿ ਉਸ ਸਮੇਂ ਤਕ ਕਾਨ੍ਹਪੁਰ ਜੇਲ੍ਹ 'ਚ 84 ਬੱਚੇ ਬੰਦ ਹਨ ਜਦੋਂ ਕਿ ਉਨ੍ਹਾਂ ਨੂੰ ਕਿਦਵਈ ਨਗਰ ਬਾਲ-ਸੁਧਾਰ ਘਰ 'ਚ ਭੇਜਿਆ ਜਾਣਾ ਚਾਹੀਦਾ ਸੀ ਪਰੰਤੂ ਰਾਜ ਸਰਕਾਰ ਦੇ ਆਦੇਸ਼ਾਂ ਦੇ ਬਾਵਜੂਦ ਜੇਲ੍ਹ ਅਧਿਕਾਰੀਆਂ ਨੇ ਅਜਿਹਾ ਨਹੀਂ ਕੀਤਾ। ਇਸ ਪੱਤਰਕਾਰ ਦੁਆਰਾ ਪ੍ਰਾਪਤ ਜਾਣਕਾਰੀ ਦੇ ਅਨੁਸਾਰ ਸਾਰੇ ਬੱਚਿਆਂ ਨਾਲ ਵਿਚਾਰ ਕੀਤਾ ਗਿਆ, ਪਰੰਤੂ ਸਭ ਤੋਂ ਵੱਧ ਅਨਾਚਾਰ ਦੇ ਸ਼ਿਕਾਰ 8 ਬੱਚੇ ਹੋਏ, ਜਿਨ੍ਹਾਂ ਬਾਰੇ ਜਾਣਕਾਰੀ ਇਸ ਪਰਕਾਰ ਹੈ :

1. ਮੁੰਨਾ, ਪੁੱਤਰ ਅਲੀ ਰਜ਼ਾ, ਉਮਰ 12 ਵਰ੍ਹੇ, ਗ੍ਰਿਫਤਾਰੀ ਮਿਤੀ 24-10-81, ਜੁਰਮ ਦੀ ਧਾਰਾ ਭਾ: ਦੰ: ਵਿ: 379।

2. ਕ੍ਰਿਪਾਸ਼ੰਕਰ ਪੁੱਤਰ ਰਾਮ ਭਜਨ ਤ੍ਰਿਪਾਠੀ, ਉਮਰ 14 ਸਾਲ, ਗ੍ਰਿਫਤਾਰੀ ਮਿਤੀ 21-11-81 ਜੁਰਮ ਦੀ ਧਾਰਾ ਭਾ: ਦੰ: ਵਿ: 379।

3. ਦੇਸ ਰਾਜ ਪੁੱਤਰ ਰਾਮਬਲੀ, ਉਮਰ 14 ਸਾਲ, ਗ੍ਰਿਫਤਾਰੀ ਮਿਤੀ 7-3-81, ਜੁਰਮ ਦੀ ਧਾਰਾ 420/40। ਤੇ 457/380।

4. ਸਰੋਜ ਉਮਰ 14 ਸਾਲ ਨਿਵਾਸੀ ਨਵਾਬਗੰਜ, ਕਾਨ੍ਹਪੁਰ, ਗ੍ਰਿਫਤਾਰੀ ਮਿਤੀ 13-11-81, ਜੁਰਮ ਦੀ ਧਾਰਾ 60।

5. ਗਿਆਨ ਦੇਵ ਅਵਸਥੀ ਪੁੱਤਰ ਰਵੀ ਸ਼ਿਆਮਾ, ਉਮਰ 13 ਸਾਲ, ਗ੍ਰਿਫਤਾਰੀ ਮਿਤੀ 27-12-81 ਜੁਰਮ ਦੀ ਧਾਰਾ 109।

6. ਰਾਮਾ ਨਰਾਇਣ ਪੁੱਤਰ ਰਾਮਆਸਰੇ, ਉਮਰ 15 ਸਾਲ, ਗ੍ਰਿਫਤਾਰੀ ਮਿਤੀ 29-11-81, ਜੁਰਮ ਦੀ ਧਾਰਾ 109।

7. ਰਹਿਮਤਅਲੀ ਪੁੱਤਰ ਸੁਬਰਾਤੀ, ਉਮਰ 12 ਸਾਲ, ਗ੍ਰਿਫਤਾਰੀ ਮਿਤੀ 30-11-81 ਧਾਰਾ 4/82।

8. ਅਸ਼ੋਕ ਪੁੱਤਰ ਸੋਹਨ ਲਾਲ, ਉਮਰ ਸਾਢੇ ਚੌਦਾਂ ਸਾਲ, ਗ੍ਰਿਫਤਾਰੀ ਮਿਤੀ 1-12-81, ਜੁਰਮ ਦੀ ਧਾਰਾ 147/148 ਤੇ 323/307।

ਇਨ੍ਹਾਂ ਵਿਚੋਂ ਮੁੰਨਾ ਤੇ ਸਰੋਜ ਨੂੰ ਛੱਡ ਕੇ ਬਾਕੀ ਸਭ ਜੇਲ੍ਹ ਵਿਚ ਹੀ ਹਨ। 12 ਸਾਲਾ ਮੁੰਨਾ ਨੇ ਇਸ ਪੱਤਰਕਾਰ ਨੂੰ ਦਸਿਆ ਕਿ ਉਹ ਚਮਨ ਗੰਜ ਵਿਖੇ ਰਹਿੰਦਾ ਹੈ ਤੇ ਉਸ ਦਾ ਪਿਤਾ ਰਿਕਸ਼ਾ ਚਲਾਉਂਦਾ ਹੈ। ਮਕਾਨ ਮਾਲਕ ਦਾ ਇਕ ਰਿਸ਼ਤੇਦਾਰ ਉਨ੍ਹਾਂ ਦੇ ਘਰ ਨੂੰ ਖਾਲੀ ਕਰਵਾਕੇ ਆਪ ਰਹਿਣਾ ਚਾਹੁੰਦਾ ਸੀ। ਉਹਨੇ ਪੁਲਸ ਨੂੰ ਪੈਸਾ ਦੇ ਕੇ ਉਸ ਨੂੰ ਤੇ ਉਸ ਦੇ ਪਿਤਾ ਨੂੰ ਚੋਰੀ ਦੇ ਦੋਸ਼ ਹੇਠ ਬੰਦ ਕਰਵਾ ਦਿਤਾ। ਅਨਵਰ ਗੰਜ ਪੁਲਸ ਥਾਣੇ 'ਚ ਉਸ ਨੂੰ ਤੇ ਉਸ ਦੇ ਪਿਤਾ ਨੂੰ ਬਿਜਲੀ ਦਾ ਕਰੰਟ ਲਾਇਆ ਗਿਆ ਤੇ ਉਸ ਦੇ ਪਿਤਾ ਦੇ ਨਹੁੰ ਪੁੱਟ ਦਿਤੇ ਗਏ। ਉਸ ਦੇ ਹੱਥਾਂ ਦੀਆਂ ਉਂਗਲਾਂ ਤੋੜ ਦਿੱਤੀਆਂ ਗਈਆਂ ਅਤੇ ਘਰ ਦੀ ਤਲਾਸ਼ੀ ਦੌਰਾਨ ਉਸ ਦੀ ਮਾਂ ਨੂੰ ਵਹਿਸ਼ਿਆਨਾ ਢੰਗ ਨਾਲ ਕੁੱਟਿਆ ਗਿਆ, ਜਿਸ ਦੇ ਨਾਲ ਉਸ ਦੇ ਹੱਥ ਦੀ ਉਂਗਲੀ ਟੁੱਟ ਗਈ। ਜੇਲ੍ਹ 'ਚ ਉਸ ਨੂੰ ਪਹਿਲਾਂ 20 ਨੰਬਰ ਤੇ ਬਾਦ 'ਚ 12 ਨੰਬਰ ਬੈਰਕ 'ਚ ਬੰਦ ਕਰ ਦਿਤਾ ਗਿਆ, ਜਿੱਥੇ ਪਹਿਲੇ ਦਿਨ ਉਸ ਦੀ ਥਾਲੀ ਚੋਰੀ ਕਰਵਾ ਕੇ ਜ਼ਾਲਮਾਨਾ ਢੰਗ ਨਾਲ ਕੁੱਟਿਆ ਗਿਆ। ਵਿਭਚਾਰ ਕਰਨ ਤੋਂ ਨਾਂਹ ਕਰਨ ਤੇ ਢਿੱਡ 'ਚ ਮੁੱਕੇ ਮਾਰੇ ਗਏ, ਜਿਸ ਕਰਕੇ ਉਹ ਮਜਬੂਰ ਹੋ ਗਿਆ। ਕੁੱਟਣ ਤੋਂ ਬਾਦ ਤਕਰੀਬਨ ਰੋਜ਼ ਹੀ ਉਸ ਨਾਲ ਵਿਭਚਾਰ ਕੀਤਾ ਜਾਂਦਾ। ਮੁੰਨਾ ਦੀ ਮਾਂ ਨੇ ਆਪਣੇ ਪੁੱਤਰ ਨੂੰ ਜੇਲ੍ਹ 'ਚ ਮਿਲਣ ਲਈ ਆਪਣੀ ਰੋਜ਼ੀ ਦਾ ਇਕੋ ਇਕ ਸਹਾਰਾ 1500 ਰੁਪਏ ਕੀਮਤ ਦਾ ਰਿਕਸ਼ਾ 400 ਰੁਪਏ 'ਚ ਵੇਚ ਦਿਤਾ ਤੇ ਜੇਲ੍ਹ 'ਚ ਮਿਲਣ ਲਈ ਉਸ ਨੂੰ ਜੇਲ੍ਹ ਕਰਮਚਾਰੀਆਂ ਨੂੰ 40 ਰੁਪਏ ਰਿਸ਼ਵਤ ਦੇਣੀ ਪਈ। ਇਸ ਤਰ੍ਹਾਂ 400 ਰੁਪਏ ਮੁਲਾਕਾਤਾਂ 'ਚ ਉੱਡ ਗਏ। ਮੁੰਨਾਂ ਦੇ ਘਰ ਵਾਲਿਆਂ ਹੁਣ ਘਰ ਛੱਡ ਦਿੱਤਾ ਹੈ ਤੇ ਉਹ ਸ਼ਹਿਰ ਦੇ ਕਿਨਾਰੇ ਕਿਸੇ ਗੰਦੀ ਬਸਤੀ ਵਿਚ ਇਕ ਝੌਂਪੜੀ 'ਚ ਰਹਿ ਰਹੇ ਹਨ।

ਮੁਹੱਲਾ ਨਵਾਬਗੰਜ ਨਿਵਾਸੀ ਸਰੋਜ ਨਾਂ ਦੇ ਬੱਚੇ ਨੇ ਦੱਸਿਆ ਕਿ ਉਹ ਮੰਧਨਾ ਕਸਬੇ 'ਚ ਮੇਲਾ ਵੇਖਣ ਗਿਆ ਸੀ, ਜਿੱਥੇ ਨਵਾਬਗੰਜ ਥਾਣੇ ਦੇ ਸਿਪਾਹੀ ਨੇ ਉਸ ਨੂੰ ਬਿਨਾਂ ਕਿਸੇ ਕਸੂਰ ਦੇ ਫੜ ਲਿਆ। ਉਸ ਦੀ ਜੇਬ 'ਚੋਂ 40 ਰੁਪਏ ਖੋਹ ਕੇ ਦੋ ਬੋਤਲਾਂ ਦੇਸੀ ਸ਼ਰਾਬ ਦੀਆਂ ਮੰਗਵਾਈਆਂ। ਫਿਰ ਉਸ ਨੂੰ ਜੇਲ੍ਹ ਭੇਜ ਦਿਤਾ ਗਿਆ, ਜਿੱਥੇ ਉਸ ਨੂੰ

ਵਹਿਸ਼ਿਆਨਾ ਢੰਗ ਨਾਲ ਕੱਟਿਆ ਗਿਆ ਤੇ ਅਮਾਨਵੀ ਵਿਭਚਾਰ ਕੀਤਾ ਗਿਆ। ਸਤੀਸ਼ ਨੇ ਦੱਸਿਆ ਕਿ ਕਿਉਂਕਿ ਉਸ ਦਾ ਵਡਾ ਭਰਾ ਰਾਧੇ ਨਵਾਬਗੰਜ ਦਾ ਬਹੁਤ ਵਡਾ ਰਾਹਜਨ ਮੰਨਿਆਂ ਜਾਂਦਾ ਸੀ ਤੇ ਪੁਲਸ ਓਸ ਨੂੰ ਮੁਕਾਬਲੇ 'ਚ ਮਾਰ ਚੁੱਕੀ ਹੈ, ਇਸ ਲਈ ਅਪਰਾਧੀਆਂ ਨੇ ਉਸ ਨੂੰ ਜ਼ਿਆਦਾ ਪਰੇਸ਼ਾਨ ਨਹੀਂ ਕੀਤਾ। ਉਸ ਨੇ ਦਸਿਆ ਕਿ ਉਸ ਦੇ ਨਾਲ ਰਹਿਣ ਵਾਲੇ ਸ਼ਿਵਰਾਜ ਪੁਰ ਪਿੰਡ ਦੇ ਇਕ ਹੋਰ ਲੜਕੇ ਇਸ਼ਤਿਆਕ ਨਾਲ ਦਿਨ 'ਚ ਕਈ ਵਾਰ ਵਿਭਚਾਰ ਕੀਤਾ ਜਾਂਦਾ ਸੀ।

ਗਜਤਪੁਰ ਪਿੰਡ ਦੇ ਕ੍ਰਿਪਾ ਸ਼ੰਕਰ ਨਾਂ ਦੇ ਬਾਲਕ ਨੇ ਦੱਸਿਆ ਕਿ ਉਸ ਦਾ ਪਿਤਾ ਰਾਮਾਇਣੀ ਹੈ ਅਤੇ ਧਾਰਮਿਕ ਵਿਚਾਰਾਂ ਦੇ ਹੋਣ ਕਰ ਕੇ ਉਸ ਨੂੰ ਫ਼ਿਲਮਾਂ ਨਹੀਂ ਸੀ ਵੇਖਣ ਦਿੰਦੇ। ਸਿੱਟੇ ਵਜੋਂ ਉਹ ਫ਼ਿਲਮਾਂ ਦਾ ਸ਼ੁਕੀਨ ਹੋਣ ਕਰ ਕੇ ਕਾਨ੍ਹਪੁਰ ਭਜ ਆਇਆ ਜਿਥੇ ਉਸ ਨੇ ਕਾਨ੍ਹਪੁਰ ਰੇਲਵੇ ਸਟੇਸ਼ਨ ਦੇ ਨਜ਼ਦੀਕ ਇਕ ਹੋਟਲ 'ਚ ਕੰਮ ਕਰਨਾ ਸ਼ੁਰੂ ਕਰ ਦਿਤਾ। ਰਾਤ ਨੂੰ ਜਦੋਂ ਉਹ ਪਲੇਟ ਫਾਰਮ ਤੇ ਸੌਂ ਰਿਹਾ ਸੀ ਤਾਂ ਦੂਜੇ ਲੋਕਾਂ ਦੇ ਨਾਲ ਉਸ ਨੂੰ 15 ਰੁਪਏ ਜੇਬ ਕਤਰਨ ਦੇ ਦੋਸ਼ ਹੇਠ ਜੇਲ੍ਹ ਭੇਜ ਦਿੱਤਾ। ਜੇਲ੍ਹ 'ਚ ਜਿਸ ਤਰ੍ਹਾਂ ਉਸ ਨਾਲ ਮਾਰ ਕੁਟਾਈ ਦੇ ਵਿਭਚਾਰ ਕੀਤਾ ਗਿਆ, ਉਹ ਕਦੇ ਨਹੀਂ ਭੁੱਲ ਸਕਦਾ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਮੈਜਿਸਟਰੇਟ ਜੀ. ਆਰ. ਸੀ. ਨੇ ਕ੍ਰਿਪਾ ਸ਼ੰਕਰ ਦੀ ਜ਼ਮਾਨਤ ਪ੍ਰਵਾਨ ਨਹੀਂ ਕੀਤੀ ਤੇ ਜ਼ਿਲਾ ਜੱਜ ਨੇ ਤਿੰਨ ਹਫਤਿਆਂ 'ਚ ਉਸ ਦਾ ਡਾਕਟਰੀ ਸਰਟੀਫਿਕੇਟ ਮੰਗਿਆ। ਕਿਰਪਾ ਸ਼ੰਕਰ ਹਾਲੀ ਤਕ ਜੇਲ੍ਹ 'ਚ ਬੰਦ ਹੈ ਤੇ ਜ਼ਾਲਮਾਂ ਦੀ ਜਿਸਮਾਨੀ ਭੁੱਖ ਦਾ ਸ਼ਿਕਾਰ ਬਣਿਆ ਹੋਇਆ ਹੈ।

ਇਕ ਦਿਲਚਸਪ ਗੱਲ ਇਥੇ ਇਹ ਹੈ ਕਿ ਕਾਨ੍ਹਪੁਰ ਜੇਲ੍ਹ 'ਚ ਡਾਕੂ ਸੁੰਦਰੀ ਫੂਲਾਂ ਦੇਵੀ ਦੇ ਪ੍ਰੇਮੀ ਬਿਕਰਮ ਮੱਲਾਹ ਦਾ ਭਰਾ ਦੇਸ ਰਾਜ ਵੀ ਇਸ ਘਿਨਾਉਣੇ ਕੰਮ ਦਾ ਸ਼ਿਕਾਰ ਬਣਿਆ ਹੋਇਆ ਹੈ। ਉਸ ਦੇ ਪਿਤਾ ਪੈਸੇ ਦੀ ਕਮੀ ਕਰ ਕੇ ਜ਼ਮਾਨਤ ਨਹੀਂ ਕਰਵਾ ਰਹੇ। ਜੇਲ੍ਹ 'ਚ ਬੰਦ ਉਸ ਬਾਲਕ ਨੇ ਰੋਂਦੇ ਹੋਏ ਦੱਸਿਆ ਕਿ ਉਸ ਦੇ ਨਾਲ ਜੋ ਵਿਭਚਾਰ ਕੀਤਾ ਜਾ ਰਿਹਾ ਹੈ ਜੇ ਉਹ ਫੂਲਾਂ ਦੇਵੀ ਨੂੰ ਦਸ ਦੇਵੇ ਤਾਂ ਉਹ ਏਹਨਾਂ ਸਾਰਿਆਂ ਨੂੰ ਗੋਲੀ ਨਾਲ ਉੜਾ ਦੇਵੇ।

ਏਸੇ ਤਰ੍ਹਾਂ ਸਾਰੇ ਅੱਠ ਬੱਚਿਆਂ ਨੇ ਜੇਲ੍ਹ 'ਚ ਆਪਣੇ ਨਾਲ ਵਾਪਰੇ ਵਿਭਚਾਰ ਦੇ ਲੂੰ ਕੰਡੇ ਖੜੇ ਕਰ ਦੇਣ ਵਾਲੇ ਤੱਥ ਪੱਤਰਕਾਰ ਨੂੰ ਦਸੇ। ਜੇਲ੍ਹ 'ਚ ਇਕ ਇਸ ਤਰ੍ਹਾਂ ਦਾ ਵੀ ਬੱਚਾ ਹੈ ਜਿਸ ਦੇ ਨਾਲ ਇਸ ਤਰ੍ਹਾਂ ਵਿਭਚਾਰ ਕੀਤਾ ਗਿਆ ਹੈ ਕਿ ਉਹ ਸੁਜ਼ਾਕ ਜਿਹੀ ਲਾਹਨਤੀ ਬਿਮਾਰੀ ਦਾ ਸ਼ਿਕਾਰ ਹੋ ਗਿਆ ਹੈ। ਜੇਲ੍ਹ ਦੇ ਹੀ ਕੁਝ ਕਰਮਚਾਰੀਆਂ ਦੀ ਸਹਾਇਤਾ ਨਾਲ ਉਸ ਬਾਲਕ ਦੇ ਰੋਗ ਗ੍ਰਸਤ ਅੰਗਾਂ ਦਾ ਚਿੱਤਰ ਪ੍ਰਾਪਤ ਹੋ ਗਿਆ ਹੈ, ਪਰ ਉਹਨਾਂ ਨੇ ਆਪਣੇ ਨਾ ਗੁਪਤ ਰਖਣ ਦੀ ਬੇਨਤੀ ਕੀਤੀ ਹੈ।

ਜੇਲ੍ਹ 'ਚ ਇਸ ਤਰ੍ਹਾਂ ਦੇ ਨੀਚ ਕੰਮ ਦਾ ਪਰਦਾਫਾਸ਼ ਕਰਨ ਦੀ ਪਹਿਲ ਪ੍ਰਸਿੱਧ ਸਮਾਜਸੇਵੀ 'ਲਾਇਨਜ਼ ਕੱਲਬ ਆਫ ਕਾਨ੍ਹਪੁਰ, ਵੈਸਟ ਦੇ ਚਾਰਟਰ ਪ੍ਰੈਜ਼ੀਡੈਂਟ ਓਮਪ੍ਰਕਾਸ਼ ਚੱਢਾ ਨੇ ਕੀਤੀ। ਉਨ੍ਹਾਂ ਕੁਝ ਜੇਲ੍ਹ ਅਧਿਕਾਰੀਆਂ ਦੇ ਨਾਲ ਮਿਤਰਤਾ ਦੇ ਆਧਾਰ ਤੇ ਇਸ ਸਬੰਧ 'ਚ ਜਾਣਕਾਰੀਆਂ ਪ੍ਰਾਪਤ ਕੀਤੀਆਂ ਅਤੇ ਉਹਨਾਂ ਬੱਚਿਆਂ ਨਾਲ ਮਿਲ ਕੇ ਜ਼ਮਾਨਤ ਵਗੈਰਾ ਦਾ ਪ੍ਰਬੰਧ ਕੀਤਾ। ਇਹੋ ਹੀ ਨਹੀਂ ਉਹਨਾਂ ਬੱਚਿਆਂ ਦੇ ਘਰ ਵਾਲਿਆਂ ਦੀ ਵੀ ਸਹਾਇਤਾ ਕੀਤੀ। ਇਸੇ ਦੌਰਾਨ ਨਵੰਬਰ ਮਹੀਨੇ 'ਚ ਹਿੰਦੁਸਤਾਨੀ ਅੰਦੋਲਨ ਦੇ ਮੁਖੀ ਮਧੂ ਮਹਿਤਾ ਵੀ ਕਾਨ੍ਹਪੁਰ ਆਏ। ਸ੍ਰੀ ਚੱਢਾ ਨੇ ਸਾਰੀ ਜਾਣਕਾਰੀ ਉਹਨਾਂ ਨੂੰ ਦਿੱਤੀ।

ਸ੍ਰੀ ਮਹਿਤਾ ਭੇਸ ਬਦਲ ਕੇ ਜੇਲ੍ਹ 'ਚ ਇਹਨਾਂ ਬੱਚਿਆਂ ਨੂੰ ਮਿਲਣ ਗਏ। ਇਸ ਤੋਂ ਬਾਦ ਉਹਨਾਂ ਇਸ ਦੀ ਸੂਚਨਾ ਹੋਮ ਸੈਕਟਰੀ ਰਾਮਚੰਦਰ ਟਕਰੂ ਨੂੰ ਦਿਤੀ ਤੇ ਪਟਨੇ 'ਚ ਪਤਰਕਾਰਾਂ ਨੂੰ ਵੀ ਦੱਸਿਆ। ਦਿੱਲੀ ਦੇ ਇਕ ਅਖਬਾਰ 'ਚ ਇਹ ਖ਼ਬਰ ਛਪਣ ਤੋਂ ਬਾਦ ਜੇਲ੍ਹ ਅਧਿਕਾਰੀਆਂ ਨੂੰ ਭੱਜ ਨੱਸ ਪੈ ਗਈ ਤੇ ਉਹ ਬੱਚਿਆਂ ਨੂੰ ਕੁੱਟ ਕੁੱਟ ਕੇ ਇਹ ਬਿਆਨ ਦੇਣ ਲਈ ਮਜਬੂਰ ਕਰਨ ਲੱਗੇ ਕਿ ਉਹਨਾਂ ਨਾਲ ਕੁਝ ਨਹੀਂ ਵਾਪਰਿਆ। ਵਿਚਾਰੇ ਬੱਚੇ ਜੇਲ੍ਹਾਂ ਦੀਆਂ ਬੈਰਕਾਂ 'ਚ ਬੈਠੇ ਬੇਵਸੀ ਦੇ ਹੰਝੂ ਬਹਾ ਰਹੇ ਨੇ। ਸੁਪਰੀਮ ਕੋਰਟ ਤੇ ਇਲਾਹਾਬਾਦ ਹਾਈ ਕੋਰਟ ਨੇ ਕਾਨ੍ਹਪੁਰ ਪ੍ਰਸ਼ਾਸ਼ਨ ਕੋਲੋਂ ਨੋਟਸ ਜਾਰੀ ਕਰ ਕੇ ਇਸ ਸਬੰਧੀ ਜਵਾਬ ਤਲਬੀ ਕੀਤੀ ਹੈ ਤੇ ਕੈਦੀ ਬੱਚਿਆਂ ਦੀ ਲਿਸਟ ਮੰਗੀ ਹੈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਉਸੇ ਸਮੇਂ ਆਰਡਰ ਜਾਰੀ ਕਰ ਕੇ ਜਾਂਚ ਦਾ ਹੁਕਮ ਦਿਤਾ ਹੈ। ਪਰ ਕਾਨ੍ਹਪੁਰ ਪ੍ਰਸ਼ਾਸ਼ਨ ਇਸ ਗੱਲ ਦਾ ਗਹਿਰਾਈ ਨਾਲ ਪਤਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਸ੍ਰੀ ਮਹਿਤਾ ਜੇਲ੍ਹ ਕਿਵੇਂ ਪਹੁੰਚ ਗਏ। ਇਸ ਸਬੰਧ 'ਚ ਕਰਮਚਾਰੀਆਂ ਦੀ ਪੁੱਛਗਿੱਛ ਜਾਰੀ ਹੈ।

ਵੇਖਣਾ ਇਹ ਹੈ ਕਿ ਏਨੇ ਹੰਗਾਮੇ ਦੇ ਬਾਵਜੂਦ ਵੀ ਇਹ ਸ਼ਰਮਨਾਕ ਕੰਮ ਬੰਦ ਹੁੰਦਾ ਹੈ ਜਾਂ ਨਹੀਂ ਅਤੇ ਦੋਸ਼ੀਆਂ ਨੂੰ ਸਜ਼ਾ ਮਿਲਦੀ ਹੈ ਜਾਂ ਨਹੀਂ।

# ਕਾਲਾ ਬੰਦਾ

ਕੇ. ਸੀ. ਮੋਹਨ ਸਾਊਥਾਲ

ਪੂਰੇ ਪੌਣੇ ਛੇ ਵਜ ਚੁੱਕੇ ਸਨ। ਪਰ ਗੁਰਿੰਦਰ ਅਜੇ ਨਹੀਂ ਸੀ ਬਹੁੜਿਆ। ਮੇਰੇ ਸਬਰ ਦੀ ਹੱਦ ਟੱਪ ਗਈ ਸੀ। ਇੱਕ ਵਾਰ ਤੇ ਦਿਲ ਕੀਤਾ ਕਿ ਵਾਪਸ ਚਲਿਆ ਜਾਂਦਾ ਪਰ ਉਸ ਨੂੰ ਮਿਲਣਾ ਵੀ ਜ਼ਰੂਰੀ ਸੀ। ਇਧਰ ਉਧਰ ਚੱਕਰ ਕਟਦਿਆਂ ਪੰਜ ਸੱਤ ਮਿੰਟ ਹੋਰ ਕੱਢੇ। ਲਾਗਲੇ ਮਕਾਨਾਂ ਬਾਹਰ ਫਰੰਟ ਗਾਰਡਨਾਂ ਵਿੱਚ ਲੱਗੇ ਫੁੱਲਾਂ ਦੇ ਬੂਟਿਆਂ ਨੂੰ ਨਿਹਾਰਦਾ ਰਿਹਾ।

ਠੰਡੀ ਸੀਤ ਤੇ ਚੀਰਵੀਂ ਹਵਾ ਵਗ ਰਹੀ ਸੀ। ਓਵਰਕੋਟ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਪੈਰ ਸੁੰਨ-ਹੁੰਦੇ ਜਾ ਰਹੇ ਸਨ। ਇੰਨੀ ਠੰਡ ਵਿੱਚ ਕਿਸੇ ਦਾ ਇੰਤਜ਼ਾਰ ਕਰਨਾ - ਮੈਂ ਗੁਰਿੰਦਰ ਤੇ ਅੰਦਰੋ ਅੰਦਰੀ ਬੜਾ ਕੁੜ੍ਹ ਰਿਹਾ ਸਾਂ। ਮੈਂ ਹਰ ਪਲ ਅੱਕਦਾ ਜਾ ਰਿਹਾ ਸਾਂ।

'ਇਥੇ ਨੇੜੇ ਕੋਈ ਪੱਬ ਹੈ' ਮੈਂ ਕੋਲੋਂ ਲੰਘਦੇ ਇੱਕ ਨੌਜਵਾਨ ਨੂੰ ਪੁਛਿਆ।

'ਹਾਂ, ਹਾਂ, ਇਸੇ ਰੋਡ ਦੇ ਕੋਨੇ ਤੇ ਹੈ ਇੱਕ। ਮੈਂ ਉਥੇ ਹੀ ਜਾ ਰਿਹਾ ਹਾਂ। ਵੇਖ ਨਾਂ ਛੇ ਵੱਜ ਚੱਲੇ ਨੇ' ਉਸਨੇ ਤੁਰੇ ਜਾਂਦਿਆਂ ਹੀ ਮੈਨੂੰ ਦਸਿਆ।

ਮੈਂ ਇਹ ਸੋਚਦਿਆਂ ਕਿ ਚਲੋ ਕੁਝ ਸਮਾਂ ਪੱਬ ਵਿੱਚ ਹੀ ਗੁਜ਼ਾਰਦੇ ਹਾਂ, ਉਸੇ ਨੌਜਵਾਨ ਦੇ ਮਗਰ ਤੁਰ ਪਿਆ।

'ਤਾਂ ਤੂੰ ਵੀ ਆ ਗਿਆ ਏ' ਮੇਰੇ ਕਦਮਾਂ ਦੀ ਆਹਟ ਸੁਣਦਿਆਂ ਉਸ ਕਿਹਾ।

'ਦਰ ਅਸਲ ਮੈਂ ਇੱਕ ਦੋਸਤ ਨੂੰ ਮਿਲਣ ਆਇਆ ਸਾਂ ਪਰ ਉਹ ਅਜੇ ਤੱਕ ਕੰਮ ਤੋਂ ਨਹੀਂ ਪਰਤਿਆ। ਮੈਂ ਸੋਚਿਆ ਉਹਦੇ ਆਉਣ ਤੱਕ ਪੱਬ ਵਿੱਚ ਹੀ ਸਮਾਂ ਬਿਤਾਂਦੇ ਹਾਂ।

ਠੀਕ ਐ, ਠੀਕ ਐ, ਚੰਗੀ ਗੱਲ ਐ' ਉਸਨੇ ਨੱਕ ਤੇ ਉਂਗਲੀ ਫੇਰਦਿਆਂ ਕਿਹਾ ਤੇ ਫਿਰ ਉਹ ਸੀਟੀ ਵਜਾਉਣ ਲੱਗਾ। 'ਕਿੰਨੀ ਠੰਡ ਐ, ਕਹਿਰਾਂ ਦੀ ਹੈ ਨ' ਉਸਨੇ ਮੇਰੀ ਰਾਇ ਪੁੱਛੀ।

'ਪੁੱਛੋ ਨਾਂ, ਇੰਨੀ ਪਿਛਲੇ ਸਾਲ ਇਨ੍ਹਾਂ ਦਿਨਾਂ ਵਿੱਚ ਕਿੱਥੇ ਸੀ। ਪਿਛਲੇ ਸਾਲ ਤੇ ਕਰਿਸਮਿਸ ਤੱਕ ਵੀ ਮੌਸਮ ਇਨ੍ਹਾਂ ਠੰਡਾ ਨਹੀਂ ਸੀ ਹੋਇਆ। ਰੇਡੀਓ ਬੁਲਿਟਨਾਂ ਵਿੱਚ ਕੱਲ੍ਹ ਦੇ ਮੌਸਮ ਦੇ ਠੰਡਾ ਹੋਣ ਬਾਰੇ ਵੀ ਦੱਸਿਆ ਜਾ ਰਿਹਾ ਸੀ।

'ਚਲੋ ਕੱਲ੍ਹ ਦੀ ਤਾਂ ਕੱਲ੍ਹ ਹੀ ਵੇਖਾਂਗੇ'

ਪੱਬ ਅਜੇ ਬੰਦ ਸੀ। ਪੰਜ ਚਾਰ ਮਿੰਟ ਹੀ ਰਹਿੰਦੇ ਸਨ। ਅਸੀਂ ਬਾਹਰ ਖੜ੍ਹੇ ਇੰਤਜ਼ਾਰ ਕਰਨ ਲੱਗੇ।

"ਤੂੰ ਇਸ ਇਲਾਕੇ ਵਿੱਚ ਨਵਾਂ ਆਇਆ ਲਗਦੈਂ'

'ਹਾਂ ਹਾਂ, ਉਂਝ ਮੈਂ ਸਟੈਨਵੈੱਲ ਰਹਿੰਦਾ ਹਾਂ, ਹੈ ਨਾਂ ਏਅਰਪੋਰਟ ਦੇ ਨਾਲ, ਪਰ ਅੱਜ ਮੇਰੇ ਦੋਸਤ ਨੂੰ ਮਿਲਣਾ ਸੀ' ਉਹ ਮੇਰੀ ਗੱਲ ਸੁਣ ਕੇ ਫਿਰ ਸੀਟੀ ਵਜਾਉਣ ਲੱਗਾ ਤੇ ਇਧਰ ਉਧਰ ਟਹਿਲਣ ਲੱਗਾ।

ਪੱਬ ਅੰਦਰਲੀਆਂ ਬੱਤੀਆਂ ਜਗੀਆਂ।

'ਸੋ ਆਖਰ ਉਨ੍ਹਾਂ ਖੋਲ੍ਹ ਹੀ ਦਿੱਤੈ। ਸ਼ੁਕਰੀ ਏ' ਉਹ ਕੁਝ ਮਿੰਟ ਬਾਹਰ ਖੜ੍ਹਾ ਉਕਤਾ ਗਿਆ ਸੀ।

'ਤੂੰ ਕੀ ਪੀਏਂਗਾ?' ਉਸਨੇ ਮੈਨੂੰ ਨਿਮਰਤਾ ਨਾਲ ਪੁਛਿਆ।

'ਲਾਗਰ'

'ਕਮਾਲ ਏ, ਤੂੰ ਅੱਜ ਵੀ ਲਾਗਰ ਪੀਏਂਗਾ। ਸਰਦੀ ਤੇ ਕਹਿਰਾਂ ਦੀ ਏ। ਚਲੋ ਤੇਰੀ ਮਰਜ਼ੀ ਏ' ਉਸਨੇ ਪੈਂਟ ਦੀ ਪਿਛਲੀ ਜੇਬ ਵਿੱਚੋਂ ਪੈਸੇ ਕਢਦਿਆਂ ਕਿਹਾ।

'ਗੁੱਡ ਈਵਨਿੰਗ! ਕੀ ਹਾਲ ਏ ਤੇਰਾ ਪਿਆਰੀ ਕੁੜੀਏ! ਇੱਕ ਪਾਇੰਟ ਲਾਗਰ ਤੇ ਇੱਕ ਗਿਨੀਜ਼ ਦੇਣਾ ਕ੍ਰਿਪਾ ਕਰਕੇ' ਉਸਨੇ ਕਾਊਂਟਰ ਤੇ ਖੜੀ ਕੁੜੀ ਨੂੰ ਕਿਹਾ।

ਮੈਂ ਬੀਅਰ ਲਈ ਉਸਦਾ ਧੰਨਵਾਦ ਕੀਤਾ। ਆਪਣਾ ਓਵਰਕੋਟ ਇੱਕ ਕੋਨੇ 'ਚ ਟੰਗਿਆ ਤੇ ਫਿਰ ਅਸੀਂ ਪੱਬ ਦੇ ਇੱਕ ਨਿੱਘੇ ਕੋਨੇ 'ਚ ਆ ਬੈਠੇ। ਪੱਬ ਵਿੱਚ ਅਜੇ ਹੋਰ ਕੋਈ ਨਹੀਂ ਆਇਆ। ਸਾਰੀਆਂ ਕੁਰਸੀਆਂ ਤੇ ਮੇਜ਼ ਖਾਲੀ ਸ਼ੂਕ ਰਹੇ ਸਨ।

'ਤੂੰ ਇਸੇ ਇਲਾਕੇ 'ਚ ਰਹਿੰਦਾ ਹੋਵੇਂਗਾ?' ਮੈਂ ਉਸਨੂੰ ਪੁਛ ਲਿਆ ਸਾਂ।

'ਨਹੀਂ ਰਹਿੰਦਾ ਤੇ ਮੈਂ ਵੀ ਏਥੇ ਨਹੀਂ ਪਰ ਇਥੇ ਕੁਝ ਸਾਥੀ ਮਿਲ ਜਾਂਦੇ ਨੇਂ ਤੇ ਸਮਾਂ ਚੰਗਾ ਲੰਘ ਜਾਂਦਾ ਹੈ। ਨਾਲੇ ਇਕੋ ਪੱਬ ਵਿੱਚ ਹਰ ਰੋਜ਼ ਪੀਣਾ ਉਕਤਾਵਾਂ ਲਗਦਾ ਹੈ। ਤਬਦੀਲੀ ਠੀਕ ਰਹਿੰਦੀ ਹੈ। ਬਾਕੀ ਚੰਗੇ ਲੱਗਣ ਦੀ ਵੀ ਗੱਲ ਹੈ।

'ਤੇਰਾ ਨਾਂ ਕੀ ਏ?'

'ਮੇਰਾ ਨਾਮ ਆਰ ਵਿਲਸਨ ਏ, ਉਸਨੇ ਬੀਅਰ ਦੀ ਲੰਬੀ ਘੁੱਟ ਭਰਦਿਆਂ ਦੱਸਿਆ, ਇਹ ਨਾਂ ਮੇਰੀ ਦਾਦੀ ਨੇ ਰੱਖਿਆ ਸੀ। ਪਰ ਮੈਨੂੰ ਤੇ ਰਤਾ ਵੀ ਚੰਗਾ ਨਹੀਂ ਲਗਦਾ। ਪੁਰਾਣਾ ਜਿਹਾ। ਉਂਝ ਮੇਰੇ ਯਾਰ ਤੇ ਕੰਮ ਵਾਲੇ ਸਾਰੇ 'ਬਿਲੀ' ਕਹਿੰਦੇ ਨੇ' ਕਹਿੰਦਿਆਂ ਉਹ ਬਹੁਤ ਹੌਲੀ ਹੌਲੀ ਸੀਟੀ ਵਜਾਉਣ ਲਗ ਪਿਆ।

'ਇਹ ਤੇ ਬੜੀ ਦਿਲਚਸਪ ਤਰਜ਼ ਲੱਗਦੀ ਹੈ' ਮੈਂ ਉਸਦੀ ਸੀਟੀ ਦੀ ਅਵਾਜ਼ ਸੁਣ ਕੇ ਆਖਿਆ।

'ਤੂੰ ਅਜੀਬ ਬੰਦਾ ਏਂ। ਤੂੰ 'ਟਾਪ ਆਫ ਦਾ ਪਾਪ' ਪ੍ਰੋਗਰਾਮ ਕਦੀ ਨਹੀਂ ਵੇਖਦਾ ਹੋਣਾ। ਇਹ ਅਜੇ ਪਿਛਲੇ ਹਫਤੇ ਹੀ ਮਸ਼ਹੂਰ ਕੁੜੀ ਨੇ ਗਾਇਆ ਸੀ। ਮੈਨੂੰ ਤਾਂ ਲਗਦਾ ਏ ਕਿ ਤੂੰ ਐਤਵਾਰ ਦੀ ਸ਼ਾਮ ਨੂੰ ਵੀ ਕੰਮ ਕਰਦਾ ਹੋਵੇਂਗਾ। ਕਿਹੜੀ ਫੈਕਟਰੀ 'ਚ ਐਂ ਤੂੰ?'

ਨਹੀਂ, ਮੈਂ ਤਾਂ ਡਿਸਪੈਚ ਕਲਰਕ ਹਾਂ। ਤੂੰ ਕੀ ਕਰਦਾ ਏਂ?

ਮੇਰਾ ਕੰਮ ਸਾਰੀ ਏ। ਮੈਂ ਅਜਕਲ੍ਹ ਹੈਲੋਰਨ ਦੀ ਵਰਕਸ਼ਾਪ 'ਚ ਹਾਂ। ਮੈਂ ਕਈ ਕੰਮ ਕਰ ਚੁੱਕਾ ਹਾਂ। ਮੈਂ ਬਹੁਤੇ ਸਮੇਂ ਲਈ ਇਕੋ ਕੰਮ ਨਹੀਂ ਕਰ ਸਕਦਾ। ਇਸਦਾ ਫਾਇਦਾ ਵੀ ਏ। ਪੱਕੇ ਰਹੋ। ਇਕ ਵਾਰ ਮੈਂ ਗਿਆਰਾਂ ਮਹੀਨੇ ਜ਼ਰੂਰ ਅਸੈਂਬਲਰ ਦਾ ਕੰਮ ਕੀਤਾ ਹੈ। ਉਦੋਂ ਮੈਂ ਸਵੀਡਨ ਰਹਿੰਦਾ ਸਾਂ ਤੇ ਤਨਖਾਹ ਵੀ ਠੀਕ ਹੀ ਸੀ, ਤੇ ਫਿਰ ਇੱਕ ਕੰਮ ਤੇ ਜ਼ਰਾ ਝਗੜਾ ਜਿਹਾ ਹੋ ਗਿਆ ਉਂਜ ਵੀ ਉਹ ਸ਼ਹਿਰ ਮੈਨੂੰ ਜਚਦਾ ਨਹੀਂ ਸੀ। ਸ਼ੁਕਰ ਜਿਹਾ। 'ਚੌਹਿਨ' ਉਸਨੇ ਸਿਗਰਟ ਬਾਲੀ।

'ਮੁਆਫ ਕਰਨਾਂ ਤੂੰ ਸਿਗਰਟ ਪੀਂਦਾ ਏਂ' ਉਸਨੇ ਸਿਗਰਟ ਮੇਰੇ ਵਲ ਵਧਾਉਂਦਿਆਂ ਕਿਹਾ।

'ਨਹੀਂ ਨਹੀਂ ਸ਼ੁਕਰੀਆ'

ਪੱਬ ਵਿੱਚ ਕੁਝ ਹੋਰ ਬੰਦੇ ਆ ਗਏ ਸਨ। ਸਿਗਰਟਾਂ ਦਾ ਧੂੰਆਂ ਫੈਲਣਾ ਸ਼ੁਰੂ ਹੋ ਗਿਆ ਸੀ।

ਸਾਰੇ ਗਲਾਸ ਖਾਲੀ ਹੋ ਗਏ ਸਨ।

'ਤੂੰ ਜਿੰਨ ਹੀ ਲਏਂਗਾ' ਮੈਂ ਵਿਕੀ ਨੂੰ ਪੁੱਛਣ ਬਾਅਦ ਉਹਦੇ ਲਈ ਵੀ ਕਾਕਟੇਲ ਲੈ ਆਇਆ।

'ਤੁਹਾਡੇ ਨਾਲ ਦੀ ਕੋਈ ਕਾਲੇ ਚਿੱਟੇ ਕੰਮ ਕਰਦੇ ਨੇਂ?' ਮੈਂ ਵਿਕੀ ਨੂੰ ਪੁੱਛਿਆ।

'ਕਮਾਲ ਏ, ਹੁਣ ਵਿਹਲੀ ਥਾਂ ਏ ਜਿੱਥੇ ਕਾਲੇ ਨਹੀਂ। ਕੀ ਫੈਕਟਰੀਆਂ, ਕੀ ਬਿਜ਼ਨਸ ਕੀ ਦਫਤਰ - ਇਹ ਸੱਭ ਥਾਂ ਨੇ। ਲੰਡਨ ਤਾਂ ਭਰ ਗਿਆ ਲਗਦਾ ਹੈ ਇਹਨਾਂ ਕਾਲੇ ਲੋਕਾਂ ਨਾਲ' ਉਹ ਸਿਗਰਟ ਦਾ ਧੂੰਆਂ ਉੱਪਰ ਵੱਲ ਛੱਡਦਾ ਆਖ ਰਿਹਾ ਸੀ।

'ਤੂੰ ਇਹਨਾਂ ਲੋਕਾਂ ਬਾਰੇ ਕੀ ਸੋਚਦਾ ਏਂ?'

'ਚਲਦੇ ਚਿੱਟੇ ਸਾਰੇ ਨਹੀਂ। ਪਰ ਹੁਣ ਇਮੀਗਰੇਸ਼ਨ ਬਹੁਤ ਘਟ ਗਈ ਹੈ ਤੇ ਨੌਕਰੀਆਂ ਦਾ ਬਹੁਤ ਬੁਰਾ ਹਾਲ ਹੋ ਰਿਹਾ ਹੈ। ਇੰਗਲੈਂਡ ਛੋਟਾ ਜਿਹਾ ਮੁਲਕ ਹੈ' ਉਸਨੇ ਇਕ ਸਿਗਰਟ ਹੋਰ ਲਾਈ ਤੇ ਫਿਰ ਹੱਸ ਤੇ ਕਹਿਣ ਲੱਗ ਪਿਆ। 'ਮੇਰੀਆਂ ਛੁੱਟੀਆਂ 'ਚ ਥੋੜੇ ਸੱਤ ਦਿਨ ਬਾਕੀ ਨੇਂ। ਫਿਰ ਮੈਂ ਸਕਾਟਲੈਂਡ ਚੱਕਰ ਲਾਉਣ ਬਾਰੇ ਸੋਚ ਰਿਹਾ ਹਾਂ ਮੇਰੇ ਡੈਡੀ ਕੋਲ' ਉਸਨੇ ਖਿੜ੍ਹਾਂ ਮੇਰੇ ਵੱਲ ਤੱਕਿਆਂ ਕਿਹਾ।

'ਤਾਂ ਫਿਰ ਤੇਰੇ ਡੈਡੀ ਸਕਾਟਲੈਂਡ ਰਹਿੰਦੇ ਹਨ।'

'ਹਾਂ ਹਾਂ, ਮੇਰੀ ਮਾਂ ਤੇ ਭੈਣ ਵੀ। ਮਾਂ ਤੋਂ ਹੁਣ ਬਿਮਾਰੀ ਕਰਕੇ ਕੰਮ ਨਹੀਂ ਹੁੰਦਾ। ਮੇਰੀ ਭੈਣ ਦੀ ਸਗਾਈ ਤਿੰਨ ਵਾਰ ਹੋਈ ਹੈ ਪਰ ਸੱਭ ਨਹੀਂ ਬਣੀ ਤੇ ਹੁਣ ਉਹ ਇੱਕ ਕੈਂਟੀਨ ਵਰਕਰ ਨੂੰ ਪਿਆਰ ਕਰਦੀ ਹੈ। ਉਹ ਮੁੰਡਾ ਤਾਂ ਸੋਹਣਾ ਹੈ ਪਰ ਤਨਖਾਹ ਕੋਈ ਖਾਸ ਨਹੀਂ ਬਸ ਤੇਰੇ ਜਿੰਨੀ ਹੀ ਹੋਣੀ ਹੈ।'

'ਤੈਨੂੰ ਆਪਣੇ ਪਰੀਵਾਰ ਚੋਂ ਸੱਭ ਤੋਂ ਵੱਧ ਕੌਣ ਚੰਗਾ ਲਗਦਾ ਹੈ?'

'ਬੱਸ ਮੈਨੂੰ ਤੇ ਮੇਰੀ ਭੈਣ ਹੀ ਚੰਗੀ ਲੱਗਦੀ ਹੈ ਉਹ ਹੁਸ਼ਿਆਰ ਤੇ ਸਮਾਰਟ ਹੈ'

'ਮੈਨੂੰ ਵੀ ਆਪਣੀ ਭੈਣ ਨਾਲ ਬੜਾ ਪਿਆਰ ਹੈ। ਸ਼ਾਇਦ ਇਸ ਕਰਕੇ ਕਿ ਅਸੀਂ ਭੈੜੇ ਸਮਿਆਂ ਵਿੱਚ ਜੰਮੇ ਸਾਂ। ਮੇਰਾ ਭਾਵ ਘਰ ਦੀ ਆਰਥਿਕ ਹਾਲਤ ਚੰਗੀ ਹੋਈ ਸੀ। ਮੇਰਾ ਡੈਡੀ ਤੇ ਇੱਕ ਦਮ ਪੁਰਾਣਾ ਬੰਦਾ ਏ। ਉਹ ਸਮੇਂ ਤੋਂ 100 ਸਾਲ ਪਿਛੇ ਚਲਦਾ ਹੈ ਤੇ ਸਾਨੂੰ ਸੱਤਾਂ ਦਿਨਾਂ ਰਹਿੰਦਾ ਹੈ ਤੂੰ ਯਕੀਨ ਕਰੀਂ ਕਿ ਮੈਂ ਮੇਰੀ ਭੈਣ ਨਾਲ ਸਾਰਿਆਂ ਨਾਲੋਂ ਚੰਗਾ ਸਮਾਂ ਬਿਤਾਂਦਾ ਹਾਂ। ਕਈ ਵਾਰ ਸੋਚਦਾ ਹਾਂ ਜਦੋਂ ਉਹ ਵਿਆਹੀ ਗਈ ਤਾਂ ਮੇਰਾ ਦਿਲ ਕਿੰਝ ਲੱਗਿਆ ਕਰੇਗਾ।'

'ਠੀਕ ਹੈ, ਠੀਕ ਹੈ' ਉਸਨੇ ਬੇਧਿਆਨਿਆਂ ਕਿਹਾ।

ਇਨੇ ਨੂੰ ਕੁਝ ਹੋਰ ਨੌਜਵਾਨ ਪੱਬ ਵਿੱਚ ਆਏ। ਵਿਕੀ ਨੇ ਉਹਨਾਂ ਨੂੰ ਅਵਾਜ਼ ਮਾਰੀ 'ਹੈਲੋ ਮਾ-ਈਕਲ, ਮੈਂ ਇਧਰ ਹਾਂ। ਮੈਂ ਤਾਂ ਬੜੀ ਦੇਰ ਦਾ ਆਇਆ ਹੋਇਆ ਹਾਂ ਕੋਈ ਬਹੁੜਿਆ ਹੀ ਨਹੀਂ।'

ਤਿੰਨ ਚਾਰ ਨੌਜਵਾਨ ਨਾਲ ਦੀਆਂ ਕੁਰਸੀਆਂ ਤੇ ਆ ਬੈਠੇ। ਉਹਨਾਂ ਸਾਰਿਆਂ ਨੇ ਹੀ ਆ-ਪਣੀਆਂ ਬਾਹਾਂ ਤੇ ਫੁੱਲ ਪੱਤੀਆਂ ਜਿਹੀਆਂ ਖੁਣਾਈਆਂ ਹੋਈਆਂ ਸਨ। ਮੈਨੂੰ ਇਹ ਬੜਾ ਅਜੀਬ ਲੱਗਾ।

'ਟੋਨੀ ਸਾਇਮਨ ਨੂੰ ਉਸ ਸ਼ਾਮ ਆਇਆ ਹੀ ਨਹੀਂ ਇਹ ਕੋਈ ਤਰੀਕਾ ਥੋੜਾ ਹੀ ਹੈ' ਵਿਕੀ ਪੁੱਛ ਰਿਹਾ ਸੀ।

'ਦਰ ਅਸਲ ਵਿਕੀ ਮੇਰੀ ਤਬੀਅਤ ਬੜੀ ਹੀ ਖਰਾਬ ਰਹੀ ਪਰ ਮੈਂ ਤਾਂ ਸੁਣਿਆ ਹੈ ਉਹ ਕਲੱਬ ਬੰਦ ਹੋ ਗਈ ਹੈ।'

'ਨਹੀਂ, ਨਹੀਂ ਬੰਦ ਨਹੀਂ ਹੋਈ, ਗਾਰਡ ਬਦਲਦਾ ਰਿਹਾ ਸੀ ਤੇ ਚੰਗੀ ਸੋਹਣੀ ਸਾਰਕੇ ਲਿ-ਆਇਆ ਹੈ।'

'ਬਾਹਰ ਤਾਂ ਠੰਡ ਹੀ ਬਹੁਤ ਹੈ' ਟੋਨੀ ਦੇ ਨਾਲ ਬੈਠਾ ਨੌਜਵਾਨ ਆਖ ਰਿਹਾ ਸੀ।

'ਹਾਂ, ਹਾਂ ਜਦੋਂ ਮੈਂ ਆਇਆ ਸਾਂ ਉਦੋਂ ਵੀ ਬੜੀ ਸੀ' ਵਿਕੀ ਦੀ ਅਵਾਜ਼ ਸੀ।
ਤੂੰ ਮੈਚ ਵੇਖਣ ਨਹੀਂ ਜਾ ਰਿਹਾ'
'ਸ਼ਾਇਦ ਤਾਂ ਹੈ ਜੇਕਰ ਟਿਕਟ ਮਿਲ ਗਈ'

ਉਹ ਸਾਰੇ ਹੀ ਆਪਣੀਆਂ ਗੱਲਾਂ ਵਿੱਚ ਮਗਨ ਹੋ ਗਏ ਸਨ। ਮੈਂ ਜਲਦੀ ਨਾਲ ਆਪਣੀ ਬੀਅਰ ਖਤਮ ਕੀਤੀ,

'ਅੱਛਾ ਵਿੱਕੀ ਮੈਂ ਤਾਂ ਚਲਿਆ ਫਿਰ। ਤੂੰ ਬੜਾ ਦਿਲਚਸਪ ਬੰਦਾ ਏਂ। ਜੇ ਕਰ ਆਪਾਂ ਫਿਰ ਕਦੀ ਮਿਲੀਏ ਤੇ ਜੇਕਰ ਤੂੰ ਆਪਣਾ ਫੋਨ ਨੰਬਰ ਮੈਨੂੰ ਦੇਦੇਂ।

ਫੋਨ ਵਾਲੀ ਕਿਹੜੀ ਗੱਲ ਹੈ। ਕਦੀ ਇਸੇ ਤਰ੍ਹਾਂ ਹੀ ਮਿਲ ਪਵਾਂਗੇ।

'ਅੱਛਾ ਫਿਰ ਅਲਵਿਦਾ'

ਮੈਂ ਆਪਣੇ ਓਵਰਕੋਟ ਵੱਲ ਵਧਿਆ।

'ਇਹ ਕੌਣ ਸੀ?' ਟੋਨੀ ਵਿਕੀ ਨੂੰ ਪੁੱਛ ਰਿਹਾ ਸੀ।

'ਪਤਾ ਨਹੀਂ ਕੌਣ ਸੀ ਮੈਂ ਤਾਂ ਐਵੇਂ ਟਾਈਮ ਕੱਟਣ ਲਈ ਨਾਲ ਬੈਠਾ ਸਾਂ ਮੈਂ ਤਾਂ ਉਸਨੂੰ ਨਾਮ ਵੀ ਨਹੀਂ ਪੁੱਛਿਆ ਪਰ ਉਸਦਾ ਰੰਗ ਕਾਲਾ ਸੀ।' ਮੈਂ ਓਵਰਕੋਟ ਪਾਉਂਦਾ ਉਹਨਾਂ ਦਾ ਵਾਰਤਾਲਾਪ ਸੁਣ ਰਿਹਾ ਸੀ।

o o o

---

(ਸਫਾ 19 ਦੀ ਬਾਕੀ)

ਕਹਿਣ ਚਾਹੁੰਦਾ ਸੀ ਕਿ ਉਸ ਦਾ ਧਿਆਨ ਸਦਾ ਹੀ ਰੰਗਣ ਵਾਲੀ ਝਾੜੀ ਵੱਲ ਗਿਆ — ਜਿਸ ਦੁ-ਆਲੇ ਅਖਬਾਰ ਲਪੇਟ ਹੋ ਗਿਆ ਸੀ।

ਕੁਝ ਆਦਮੀ ਖਬਰ ਕਟਣ ਪਿਛੋਂ ਬੁੱਤਿਆਂ ਵਾਂਗ ਬਣ ਰਹੇ ਸਨ, ਹਰ ਇੱਕ ਆ-ਪਣੇ ਹੀ ਢੰਗ ਨਾਲ ਉਸ ਖਬਰ ਉਪਰ ਆਪਣਾ ਅਧਿਕਾਰ ਦੱਸ ਰਿਹਾ ਸੀ।

ਅਚਾਨਕ ਉਸ ਕੋਠੀ ਦੇ ਅੰਦਰੋਂ, ਜਿਸਦੇ ਲਾਅਨ ਵਿੱਚ ਇਹ ਝਾੜੀ ਸੀ, ਇੱਕ ਆਦਮੀ ਨਿਕਲਿਆ। ਉਸਨੇ ਮੋਟੀ ਗਾਲ੍ਹ ਕਢਦਿਆਂ, ਆਪਣੇ ਹੱਥ ਵਿਚਲੀ ਸੋਟੀ ਇੱਕ ਆਦਮੀ ਦੇ ਮੌਰਾਂ ਵਿੱਚ ਮਾਰੀ।

ਅਗਲੇ ਪਲ ਉਹ ਸਾਰੇ ਲੋਕ — ਸਣੇ ਉਸ ਆਦਮੀ ਦੇ ਜੋ ਸਾਰੀ ਅਖਬਾਰ ਪੜ੍ਹ ਰਿਹਾ ਸੀ. ਇੰਜ ਦੌੜੇ ਜਾ ਰਹੇ ਸਨ ਜਿਵੇਂ ਉਹ ਕੋਈ ਸੁੱਕੇ ਹੋਏ ਪੀਲੇ ਪੱਤੇ ਹੋਣ
ਅਜੀਬ ਗੱਲ ਸੀ।

o o o

# HIMALAYA RESTAURANT LTD.

(LICENSED PREMISES)

6595 Main Street, Phone: 324-6514

2313 Main Street, Phone: 876-2911

VANCOUVER, B.C.



KEWAL SINGH PABLA

# PABLA'S VIKING INN

**828 East Hastings**

**Call 324 - 6514**



JAGMOHAN SINGH PABLA

**Mesu, Patisa, Besan, Barfi, Gajarpack, Laddo, Padha, Gulab Jamun, Rasgoole, Badana, Jalebi, Amratiyan, Shakerpare, Namkeen Bhujiya and many many more.**

## ਮਠਿਆਈ ਦੀ ਮਸ਼ਹੂਰ ਦੂਕਾਨ

---

# S&S Insurance SERVICES

(FORMERLY KINGSGATE INSURANCE)

**6679 MAIN STREET - 2nd FLOOR (at 51st. Ave)**

**VANCOUVER, B.C.**

TEL: 324-2311

***GET YOUR*** **autoplan** ***AND HOME INSURANCE***

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਓ ਅਤੇ ਰਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ਼ ਕਰੋ। ਅਸੀਂ ਇਨਕੰਮ ਟੈਕਸ ਸਬੰਧੀ ਆਪ ਦੀਆਂ ਲੋੜਾਂ ਵੀ ਪੂਰੀਆਂ ਕਰਾਂਗੇ

***Enquire about Added Autoplan Protection Benefits from us:***

- **UNDER INSURED MOTORIST PROTECTION**
- **INCOME REPLACEMENT**
- **LOSS OF USE**
- **FREE AUTOPLAN MOTORIST KIT**

***Income Tax Services also available***

## ਕਵਿਤਾ

ਰਜਿੰਦਰ

ਮੇਰਾ ਪਲ ਪਲ,
ਸੁੱਤਾ ਪਿਆ ਨਾ ਜਾਗੇ,
ਦੁਪਹਿਰਾ ਉਮਰਾਂ ਦਾ ਲੰਘੇ।

ਪਾਣੀ ਦੇ ਮੈਂ ਛਿੱਟੇ ਦਿੱਤੇ,
ਪਰ ਇਹ ਪਾਸਾ ਨਾਂ ਪਰਤੇ,
ਐਨੇ ਕੀ ਕਰਮ ਕਮਾ ਕੇ ਸੁੱਤਾ,
ਥੱਕਿਆ ਥੱਕਿਆ ਜਾਪੇ।

ਐਨੇ ਕੀ ਲੈਣਾ,
ਇਸ ਮੈਥੋਂ।
ਮੇਰਾ ਖਹਿੜਾ ਵੀ ਨਾਂ ਛੱਡੇ।
ਕਈ ਵਾਰ ਪਰਛਾਈਂ ਮੇਰੀ,
ਮੇਰੇ ਅੱਗੇ ਪਿੱਛੇ ਲੱਗੇ।

ਮੇਰੇ ਹੱਥ ਜੇ ਕਰ ਇਹ ਆ ਜਾਵੇ
ਮੈਂ ਕਿਸੇ ਕਾਰੇ ਲਾ ਲੈਂਦੀ।
ਮੇਰਾ ਪਲ ਪਲ,
ਮੈਨੂੰ ਲੈ ਬੈਠਾ।
ਨਹੀਂ ਮੈਂ ਕਈ,
ਕਰਮ ਕਮਾਂ ਲੈਂਦੀ।

ਮੇਰਾ ਪਲ ਪਲ
ਸੁੱਤਾ ਪਿਆ ਨਾ ਜਾਗੇ
ਦੁਪਹਿਰਾ ਉਮਰਾਂ ਦਾ ਲੰਘੇ।

## ਸੁਪਨੇ

ਜੈਂਦੀ 'ਟਰਾਂਟੋ'

ਹਰੇਕ ਗੱਲ ਨੂੰ ਸਮਝਣ ਲਈ ਲਫਜ਼ਾਂ ਦੀ ਲੋੜ ਤਾਂ ਨਹੀਂ ਹੁੰਦੀ
ਖਾਸ ਕਰ ਸੁਪਨਿਆਂ ਵਰਗੀਆਂ ਗੱਲਾਂ ਲਈ
ਸੁਪਨੇ ਜੋ ਸੱਚ ਨਹੀਂ ਹੁੰਦੇ
ਅਹਿਸ ਖੂਬਸੂਰਤ ਹੁੰਦੇ ਨੇ
ਤੇ ਜ਼ਿੰਦਗੀ ਨੂੰ ਸਿਰਫ ਸੱਚ ਦੀ ਹੀ ਨਹੀਂ
ਖੂਬਸੂਰਤੀ ਦੀ ਵੀ ਲੋੜ ਹੁੰਦੀ ਹੈ
ਜ਼ਿੰਦਗੀ ਦੀਆਂ ਉਦਾਸ ਤੇ ਵੀਰਾਨ ਸੜਕਾਂ ਤੇ
ਕੜਕਦੀਆਂ ਦੁਪਹਿਰਾਂ ਵਿੱਚ ਝੁਲਦੇ ਤੂਫਾਨਾਂ ਵਿੱਚ
ਅਸੀਂ ਇਨ੍ਹਾਂ ਸੁਪਨਿਆਂ ਦੇ ਪ੍ਰਛਾਵਿਆਂ ਹੇਠ
ਆਪਣਾ ਸਫਰ ਜਾਰੀ ਰੱਖਾਂਗੇ
ਮਾਵਾਂ ਦੀਆਂ ਲੋਰੀਆਂ ਵਰਗੇ ਸੁਪਨੇ
ਤੇਗੀਜ਼ਨ ਦੇ ਦਿਸਦੇ ਭੁਲੇਖੇ ਵਰਗੇ ਸੁਪਨੇ
ਸੁਪਨੇ ਜੋ ਸੱਚ ਨਹੀਂ ਹੁੰਦੇ
ਅਹਿਸ ਖੂਬਸੂਰਤ ਹੁੰਦੇ ਨੇ
ਤੇ ਜ਼ਿੰਦਗੀ ਨੂੰ ਸਿਰਫ ਸੱਚ ਦੀ ਨਹੀਂ
ਖੂਬਸੂਰਤੀ ਦੀ ਵੀ ਲੋੜ ਹੁੰਦੀ ਹੈ।


**Inflation-resistant Insurance**

BUS: 682-7531

RES: 254-5837



Sudesh Kalia

**"I've got a plan to help you build a better tomorrow."**

REDUCE YOUR INCOME TAX AND BUILT A GUARANTEED PENSION

MAKE THAT CALL NOW

**NORTH AMERICAN LIFE**

1010-1090 West Georgia St., Vancouver,



**ਅਮਬੀਕਾ ਫੂਡਜ਼**

ਵਧੀਆ ਤੇ ਸਸਤੀ ਗਰੌਸਰੀ ਲੈਣ ਲਈ
ਸਾਡੇ ਸਟੋਰ ਵਿਚ ਦਰਸ਼ਨ ਦਿਓ।

**Largest of it's kind in North America**

ਦੂਸਰਿਆ ਦੀ ਸੇਲ ਪ੍ਰਾਈਸ
ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

**British Columbia's Finest Indian Grocery Store**

**327-0295**

5125 VICTORIA - DRIVE VANCOUVER

# ਵਿਸ਼ਵ ਪੰਜਾਬੀ ਸੰਮੇਲਨ ਕਿ ਰਮਤੇਘਰ ?

ਵਿਸ਼ਵ ਪੰਜਾਬੀ ਸੰਮੇਲਨ ਕੈਨੇਡਾ ਵਿੱਚ ਕਰਾਉਣ ਦੀ ਵਿਓਂਤਬੰਦੀ ਹੱਥ ਹੇਠ ਕੁੱਝ ਚਿਰ ਤੋਂ ਸੁਣਿਉਂ ਇਹ ਪਤਾ ਚਲੀ ਹੈ। ਕੈਨੇਡਾ ਵਿੱਚ ਪੰਜਾਬੀ ਸਾਹਿਤਕ ਸਰਗਰਮੀਆਂ ਦੀ ਚਾਲੂ ਅਵਸਥਾ, ਲੇਖਕ ਅਤੇ ਆਰਥਿਕ ਸਿਹਤੀਆਂ ਸਿਫਤੀਆਂ ਬਾਰੇ ਵਿਚਾਰ ਕੀਤਿਆਂ ਇਹਦੇ ਨਾਲ ਇਹ ਗੱਲ ਵਿਚਾਰ ਦੇ ਸਾਹਮਣੇ ਆਈ ਸੀ ਕਿ ਸੰਮੇਲਨ ਦਾ ਕਨੇਡਾ ਵਿੱਚ ਕੀਤੇ ਜਾਣਾ ਕਿਸੇ ਤਰ੍ਹਾਂ ਵੀ ਉਚਿੱਤ ਨਹੀਂ। ਇਹ ਸੰਮੇਲਨ ਭਾਰਤ ਜਾਂ ਪਾਕਿਸਤਾਨ ਵਿੱਚ ਹੋਣਾ ਚਾਹੀਦਾ ਹੈ, ਜਿਥੇ ਪੰਜਾਬੀ ਸਾਹਿਤਕਾਰਾਂ ਦੀ ਬਹੁ ਗਿਣਤੀ ਵੱਸਦੀ ਹੈ।

ਅਫ਼ਸੋਸ ਹੈ ਕਿ ਅਤੇ ਗਾਰਡਨ ਸਾਮ੍ਹਣੇ ਦੀ ਦੋ ਮੌਕਾ ਵੱਧ ਅਤੇ ਰਵਿੰਦਰ ਰਵੀ ਦੀਆਂ ਆਪ ਹੁਦਰੀਆਂ ਕਾਰਣ ਸ਼ਾਇਦ ਕੁੱਝ ਕੀਤੇ ਆਪਣੇ "ਵਿਸ਼ਵ ਪੰਜਾਬੀ ਰਮਤੇਘਰ" ਰਚਾਉਣ ਦੇ ਮਨਸੂਬੇ ਵਿੱਚ ਕਾਮਯਾਬ ਹੋ ਜਾਣ। ਇਸ ਗੰਭੀਰ ਸਥਿਤੀ ਵਿੱਚ ਸੁਹਿਰਦ ਪੰਜਾਬੀ ਪਾਠਕਾਂ ਅਤੇ ਲੇਖਕਾਂ ਦਾ ਇਹ ਇਖਲਾਕੀ ਫਰਜ਼ ਬਣ ਜਾਂਦਾ ਹੈ ਕਿ ਉਹ ਆਪੋ ਆਪਣੇ ਵਿਚਾਰਾਂ ਇਜ਼ਹਾਰ ਨਾਲ ਇਸ ਫਰੇਬਬਾਜ਼ੀ ਦਾ ਵਿਰੋਧਤਾ ਕਰਨ।

ਅਸੀਂ ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਅਤਿਮਿੰਦਰ, ਸੁਰਿੰਦਰ ਸਿੰਘ ਨੂੰ ਬੇਨਤੀ ਕਰਦੇ ਹਾਂ ਕਿ ਉਹ ਫਰੇਬਬਾਜ਼ੀ ਨੀਤੀ ਤੋਂ ਬਾਜ਼ ਰਹਿ ਕੇ ਆਪਣੇ ਇੱਕ ਜ਼ਿੰਮੇਵਾਰ ਲੇਖਕ ਹੋਣ ਦਾ ਸਬੂਤ ਦੇਣ। ਲੇਖਕਾਂ ਚੰਗੀਆਂ ਲਿਖਤਾਂ ਤਾਂ ਭਾਵੇਂ ਪਾਠਕਾਂ ਦੇ ਪੱਲੇ ਕੁੱਝ ਨਾ ਕੁੱਝ ਪਾ ਸਕਣ ਪਰ ਸਾਹਿਤਕ ਗੁੱਟਾਂ ਅਤੇ ਠੱਪਿਆਂ ਨੇ ਕਿਸੇ ਦਾ ਕੁੱਝ ਨਹੀਂ ਸੁਆਰਨਾ।

ਅਵਤਾਰ ਸਿੰਘ

---

# ਕਨੇਡਾ ਦੇ ਪੰਜਾਬੀ ਲਿਖਾਰੀਆਂ ਦੇ ਨਾਂ

ਪ੍ਰੀਤਮ ਸਿੱਧੂ

ਪੰਜਾਬੀ ਦੇ ਅਖਬਾਰਾਂ ਅਤੇ ਰਸਾਲਿਆਂ ਤੋਂ ਸੂਚਿਤ ਹੋਇਆ ਹਾਂ ਕਿ ਕੁੱਝ ਕਨੇਡਾ ਵਸਦੇ ਪੰਜਾਬੀ ਲੇਖਕ ਵਿਸ਼ਵ ਪੰਜਾਬੀ ਸੰਮੇਲਨ ਕਨੇਡਾ ਵਿੱਚ ਕਰਵਾਉਣ ਲਈ ਮੁੱਢਲੀਆਂ ਵਿੱਚ ਰੁੱਝੇ ਫਿਰਦੇ ਹਨ। ਕੁੱਝ ਲੇਖਕ ਇਸ ਸੰਮੇਲਨ ਦੀ ਵਿਰੋਧਤਾ ਕਰਦੇ ਹਨ ਜੇ ਮਸਲਾ ਕੇਵਲ ਕਨੇਡਾ ਵਿੱਚ ਕਨੇਡੀਅਨ ਪੰਜਾਬੀ ਸਾਹਿਤਕਾਰਾਂ ਦੀ ਆਪਣੀ ਕਿਸੇ ਨੈਸ਼ਨਲ ਕਾਨਫਰੰਸ ਦਾ ਹੁੰਦਾ ਤਾਂ ਮੇਰਾ ਕੋਈ ਅਧਿਕਾਰ ਨਹੀਂ ਸੀ ਬਣਦਾ ਕਿ ਮੈਂ ਇਸ ਮਸਲੇ ਦੇ ਹੱਕ ਜਾਂ ਵਿਰੋਧ ਵਿੱਚ ਕੁੱਝ ਕਹਿੰਦਾ। ਪਰ ਹੁਣ ਕਿਉਂਕਿ ਵਿਸ਼ਵ ਸੰਮੇਲਨ ਦੀ ਗੱਲ ਹੈ ਜਿਸ ਦੀ ਲਪੇਟ ਵਿੱਚ ਅਸੀਂ ਇੰਗਲੈਂਡ ਦੇ ਲਿਖਾਰੀ ਵੀ ਆਉਂਦੇ ਹਾਂ ਤਾਂ ਇਸ ਮਸਲੇ ਸਬੰਧੀ ਲਿਖਣਾ ਕੇਵਲ ਸਾਡਾ ਹੱਕ ਹੀ ਨਹੀਂ ਸਗੋਂ ਜ਼ਿੰਮੇਵਾਰੀ ਵੀ ਹੈ।

ਇੰਗਲੈਂਡ ਵਿੱਚ ਹੋਏ ਵਿਸ਼ਵ ਸੰਮੇਲਨ ਦੇ ਨਤੀਜਿਆਂ ਦੇ ਅਧਾਰ ਉੱਤੇ ਸਾਡੀ ਬੜੀ ਸੋਚ ਸਮਝ ਦੇ ਦਾਅਵੇ ਨਾਲ ਹੋਣੀ ਚਾਹੀਦੀ ਹੈ। ਮੈਂ ਅਤੇ ਕਈ ਹੋਰ ਸਾਥੀਆਂ ਨੇ ਇੰਗਲੈਂਡ ਵਿੱਚ ਹੋਏ ਵਿਸ਼ਵ ਸੰਮੇਲਨ ਵਿੱਚ ਭਾਗ ਨਹੀਂ ਲਿਆ। ਇਸ ਦਾ ਕੋਈ ਉਹੋ ਹੀ ਕਾਰਣ ਸਾਂ ਦਲੀਲਾਂ ਸਨ - ਜਿਹੜੀਆਂ ਦਰਸ਼ਨ ਸਿੰਘ, ਇਕਬਾਲ, ਸੁਰਿੰਦਰ, ਅਤੇ ਸੁਖਿੰਦਰ ਨੇ ਸਾਰਕ ਦੀ ਪ੍ਰੀਤ ਲੜੀ ਵਿੱਚ ਦਿੱਤੀਆਂ ਸਨ। ਇਸ ਲਈ ਮੈਂ ਉਨ੍ਹਾਂ ਦਲੀਲਾਂ ਦੀ ਇਥੇ ਦੁਹਰਾ ਨਹੀਂ ਪਾਉਣੀ ਚਾਹੁੰਦਾ। ਵਿਸ਼ਵ ਸੰਮੇਲਨ ਇੰਗਲੈਂਡ ਵਿੱਚ ਕਰਵਾਏ ਜਾਣ ਦੀ ਜ਼ਰੂਰਤ ਵੀ ਉਨ੍ਹਾਂ ਖਾਸ ਵਿਚਾਰ ਲੇਖਕਾਂ ਨੇ ਕੱਢੀ ਸੀ ਜਿਹੜੇ ਗੁਰਦੁਆਰਿਆਂ- ਅਤੇ ਸਰਕਾਰੀ ਸੰਸਥਾਵਾਂ ਦੇ ਜ਼ਿਹਨੋਂ ਭਾਰਤੀ ਲੇਖਕਾਂ ਨੂੰ ਚਾਹ ਪਿੱਲ ਪਿਲਾ ਕੇ ਆਪਣੀ ਸ਼ੋਹਰਤ ਦੀ ਭਾਲ ਵਿੱਚ ਸਨ। ਹੱਥ ਮੁੱਖ ਪਰਨੇ ਵਿਚਾਰਾਂ ਦਾ ਰੂਪ ਧਾਰ ਗਏ। ਕਈਆਂ ਨੇ 'ਉੱਤਰ ਕਾਟੋ ਮੈਂ ਚੜ੍ਹਾਂ' ਦੀ ਵਾਰੀ ਲਈ। ਇੰਗਲੈਂਡ ਦੇ ਸਾਹਿਤਕਾਰਾਂ ਨੂੰ ਬੁਰੀ ਤਰ੍ਹਾਂ ਵੰਡ ਕੇ ਰੱਖ ਦਿੱਤਾ।

ਇੰਗਲੈਂਡ ਵਿੱਚ ਸੱਤ ਸਾਲ ਇੱਟ ਪੁੱਟਿਆਂ ਗੁਰਦੁਆਰਾ ਨਿੱਕਲਦਾ ਹੈ। ਸਿੰਘ ਸਭਾਏ, ਰਾਮਗੜ੍ਹੀਏ, ਰਾਮਦਾਸੀ ਭਾਈਚਾਰੇ ਅਤੇ ਕਣਕੈਤਰੀ ਧੀਰਾਂ ਸੱਭ ਨੇ ਆਪੋ ਆਪਣੀ ਚੌਧਰ ਚਮਕਾਉਣ ਲਈ ਵਿਸ਼ਵ ਸੰਮੇਲਨ ਲਈ ਫੰਡ ਦਿੱਤੇ। ਲੰਗਰ ਲਗਾਏ ਅਤੇ ਸਰੋਪੇ ਵੰਡੇ। ਪੰਜਾਬੀ ਬੋਲੀ, ਪੰਜਾਬੀ ਸਾਹਿਤ ਦੀ ਉੱਨਤੀ ਲਈ ਨਹੀਂ ਸਗੋਂ ਆਪਣੀਆਂ ਟੋਪੀਆਂ (ਦਸਤਾਰਾਂ) ਵਿੱਚ ਹੋਰ ਕਿਸਮਤੀ ਖੰਭ ਟੰਗਣ ਲਈ। ਵਿਸ਼ਵ ਸੰਮੇਲਨ ਦੇ ਪ੍ਰਬੰਧਕਾਂ ਨੂੰ ਵੀ ਪਤਾ ਸੀ ਕਿ ਸੋਨਾ ਕਿਹੜੀ ਖੁੱਡ ਵਿੱਚ ਹੈ। ਜੇ ਕਿਸੇ ਲੱਗੇ ਤਾਂ ਟਣਕਣੀ ਤੇ ਜੰਗ ਦਾ ਕੋਈ ਲੇਖਾ ਹੀ ਨਹੀਂ ਸੀ।

ਦੇਸ਼ਾਂ ਵਿੱਚ ਲੱਗੇ ਪੰਜਾਬੀ ਸਾਹਿਤਕਾਰ ਪ੍ਰਾਹੁਣੇ ਪੰਛੀਆਂ ਵਾਂਗ ਸਾਰੇ ਇੰਗਲੈਂਡ ਵਿੱਚ ਸਾਰੇ ਸਾਰ ਕਰਦੇ ਰਹੇ। ਜਿਹੜੇ ਗੁਰਦੁਆਰੇ ਦੇ ਪ੍ਰਧਾਨ ਨੇ ਫੰਡ ਦਿੱਤਾ ਸੀ ਉਹਦੀ ਚਾਕਰੀ ਦੀ ਲਾਜ ਰੱਖਣ ਲਈ ਸਾਹਿਤਕਾਰ ਸੈ ਸੈ ਮੀਲ ਦਾ ਸਫ਼ਰ ਕਰਦੇ ਰਹੇ। ਕਈ ਬਿਮਾਰ ਹੋ ਗਏ। ਗੁਰਦੁਆਰੇ ਮੱਥਾ ਟੇਕਣ ਜਾਂ ਚਾਹ ਪਾਣੀ ਲੈਣ ਤੋਂ ਬਗੈਰ ਲਿਖਾਰੀਆਂ ਦੀ ਸੱਦੀ ਅਗਲੇ ਸ਼ਹਿਰ ਨੂੰ ਤੋਰਨਦੀ ਕਈ ਲੇਖਕ ਸੌਂਧੇ ਹੋ ਕੇ ਵੀ ਗੁਰਦੁਆਰੇ ਜਾਣ ਲਈ ਨਾਂਹ ਵੀ ਕਰ ਦਿੰਦੇ ਸਨ। ਉਥੇ ਪੈਂਤ ਵੀ ਤਾਂ ਸਿਰਫ਼ ਕਈ ਲਿਖਾਰੀ ਇੰਡੋਂ ਪਲੈਨ ਵਿੱਚ ਆਏ ਅਫ਼ਸਰੀ ਵਾਂਗ ਕੁੱਝੀਆਂ ਵੀ ਮਾਰਨ ਲੱਗ ਗਏ। ਫਿਰ ਪ੍ਰਬੰਧਕਾਂ ਨੇ ਉਨ੍ਹਾਂ ਉੱਤੇ ਚਾਰ੍ਹਾਂ ਕਿਲੇ ਦਾ ਜ਼ੋਰ ਕਰ ਦਿੱਤਾ ਕਿ ਸੰਮੇਲਨ ਦੇ ਖ਼ਾਤਮੇ ਤੀਕ ਕੋਈ ਲਿਖਾਰੀ ਬਾਹਰ ਇਥੋਂ ਨਹੀਂ ਖਿਸਕ ਸਕਦਾ। ਪਰ ਮੀਸ ਹੁਣੀ ਫਿਰ ਵੀ ਨਾ ਰੁੱਕੇ। ਪ੍ਰਬੰਧਕ ਅੰਦਰੋ ਅੰਦਰੀ ਇਹ ਅਰਦਾਸਾਂ ਕਰ ਰਹੇ ਸਨ ਕਿ ਕਦੋਂ ਆਖਰੀ ਤਰੀਕ ਆਵੇ ਅਤੇ ਲਿਖਾਰੀਆਂ ਨੂੰ ਬਾਏ ਬਾਏ ਆਖੀਏ। ਪ੍ਰਬੰਧਕਾਂ ਦਾ ਧੂੰਆਂ ਨਿਕਲ ਸਰ ਚੁੱਕਾ ਸੀ। ਕਈ ਲੋਕ ਸਗੋਂ ਦੀ ਕੋਈ ਘਾਟ ਪਾਉਂਦਾ। ਅਖੀਰ ਪੰਜਾਬੋਂ- ਆਏ ਸਾਹਿਤਕਾਰ ਉਨ੍ਹਾਂ ਦੇ ਘਰੀਂ ਠਹਿਰੇ ਜਿਹੜੇ ਸਮਾਗਮ ਵਿੱਚ ਹਿੱਸਾ ਨਹੀਂ ਸਨ ਲੈ ਰਹੇ।

ਇਸ ਬਾਰੇ ਕੋ ਸੰਪਾਦਕ ਸਾਹਬ ਇੰਗਲੈਂਡ ਵਿੱਚ ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਦੀ ਕੀ ਉੱਨਤੀ ਹੋਈ? ਪੰਜਾਬੋਂ ਆਏ ਕਈ ਲਿਖਾਰੀ ਵਲੈਤੀ ਸਫ਼ਰਨਾਮਾਂ ਲਿਖਣ ਦੀਆਂ ਯੋਜਨਾਵਾਂ ਬਣਾ ਕੇ ਲੈ ਗਏ। ਵਪਾਰ ਤੋਂ ਕੁੱਝ ਜ਼ਿਆਦਾ ਸਾਡਾ ਉਸਦਾ ਲੈਣਾ ਨਹੀਂ ਜਾਪਦਾ ਜਾਂਦਾ। ਐਵੇਂ ਪੁੱਛ ਸਾਡਾ ਕੋਈ ਵਪਾਰ ਦਾ ਠੇਕਾ ਲੱਗ ਜਾਏ ਤਾਂ ਵੱਖਰੀ ਗੱਲ ਹੈ। ਜੋ ਰਚਨਾਂ ਦੇ ਪੱਖੋਂ ਵੀ ਇਹ ਆਰੂ ਸਾਬਤ ਹੋਇਆਂ। ਇੰਗਲੈਂਡ ਵਿੱਚ ਸਮੇਲਨ ਦਾ ਪ੍ਰਬੰਧ ਕਰਨ ਵਾਲੇ ਹੁਣ ਉੱਤੇ ਭਾਵੇਂ ਲੱਖ ਵਾਰੀ ਮੈਂ ਨਾਂ ਮਾਨੂੰ ਆਖੀ ਜਾਣ ਅੰਦਰੋਂ ਉਹ ਵੀ ਖਰੇ ਪਏ ਹਨ। ਜੋ ਮੇਰੀ ਕਨੇਡੀਅਨ, ਪੰਜਾਬੀ ਸਾਹਿਤਕਾਰਾਂ ਨੂੰ ਬੇਨਤੀ ਹੈ ਕਿ ਤੁਸੀਂ ਇਸ ਧੁ... ਖੇਲ ਨਾਂ ਪਵੋ।

ਬਾਕੀ ਮੈਨੂੰ ਅਫ਼ਸੋਸ ਹੋਇਆ ਹੈ ਇਹ ਪੜ੍ਹਕੇ ਕਿ ਇਆਪਾ ਦੀ ਕਮੇਟੀ ਵਿੱਚ ਇੰਗਲੈਂਡ ਦੇ ਮੈਂਬਰਾਂ ਵਿੱਚ ਮੇਰਾ ਨਾਂ ਵੀ ਹੈ। ਮੈਂ ਇਸ ਕਮੇਟੀ ਦਾ ਮੈਂਬਰ ਨਹੀਂ ਹਾਂ।

---

# ਚੋਰੇ ਦੀ ਭਾਵ ਹੀਣਤਾ

ਅਸੀਂ ਸਮਝਦੇ ਸਾਂ ਕਿ ਦੂਜੇ ਸੰਮੇਲਨ ਦੀ ਚਰਚਾ ਇਸ ਵੇਰ ਸਿਰਫ਼ ਕਨੇਡਾ ਦੇ ਲੇਖਕਾਂ ਪਾਠਕਾਂ ਵਿੱਚ ਹੀ ਰਹੇਗੀ। ਪਰੂ ਜਾਂਗਲੀ ਨੇ ਦੇਸ ਪ੍ਰਦੇਸ ਵਿੱਚ ਇਸ ਢੰਗ ਨਾਲ ਇਸ ਵਿਸ਼ੇ ਨੂੰ ਪੇਸ਼ ਕੀਤਾ। ਜਿਸਦਾ ਜਵਾਬ ਦੇਣਾ ਹੀ ਬਣਦਾ ਸੀ। ਜੋ ਇਸ ਵਰਕੇ ਦੇ 'ਦੇਸ ਪ੍ਰਦੇਸ' ਵਿੱਚ ਛੱਪਿਆ ਸੀ। ਇੱਕ ਕਾਪੀ ਆਪ ਨੂੰ ਭੇਜ ਰਿਹਾ ਹਾਂ।

'ਕਰੋੜਪਤੀ ਖੋਤਿਆਂ' ਦਾ ਇਸ਼ਾਰਾ ਜਾਂਗਲੀ ਦੀ ਭਾਰਤ ਫੇਰੀ ਬਾਰੇ ਹੈ। ਜੰਗ ਬਾਣੀ ਦੇ ਪਹਿਲੇ ਸਫ਼ੇ ਤੇ ਹੈੱਡ ਲਾਈਨ ਲੁਆਈ ਸੀ "ਕਰੋੜਪਤੀ ਜਾਂਗਲੀ ਭਾਰਤ ਵਿੱਚ"। ਹਾਲਾਂ ਕਿ ਮੋਟਰਕਾਰ ਤੇ ਪੈਟਰੋਲ ਪੰਪ ਦੀਆਂ ਕਿਸ਼ਤਾਂ ਤੇ ਵਿੱਚ ਆਪਣੇ ਸਾਹ ਅੜੇ ਰਹਿੰਦੇ ਹਨ। ਇਹਨਾਂ ਚੀਜ਼ਾਂ ਦੀ ਖਾਤਰ ਬਣ ਦੀਆਂ ਸਾਰੀਆਂ ਨਿਸ਼ਾਨੀਆਂ ਹਨ। ਦੂਜੇ ਮਾਮਲੇ ਦੀ ਗੱਲ ਇਹ ਕੀਤੀ ਹੈ ਕਿ ਪ੍ਰੋਗਰੈਸਿਵ ਲਿਖਾਰੀ ਸਭਾ ਛੱਡ ਕੇ ਹੁਣ ਇਹਨਾਂ ਨੇ ਪੰਜਾਬੀ ਸਾਹਿਤ ਅਕਾਦਮੀ ਬਣਾ ਲਈ ਹੈ ਜਿਸ ਲਈ ਗਰਾਂਟਾਂ ਲੈਣੀਆਂ ਸੌਖੀਆਂ ਹਨ। ਜੇ ਸੱਚ ਮੁੱਚ ਪਹਿਲਾ ਸੰਮੇਲਨ 'ਪ੍ਰਗਤੀਸ਼ੀਲ ਲਿਖਾਰੀ ਸਭਾ' ਦੀ ਸਫ਼ਲਤਾ ਸੀ ਤਾਂ ਹੁਣ ਨਾਂ ਬਦਲਨ ਦੀ ਕਿਉਂ ਲੋੜ ਪਈ? ਬਾਕੀ ਜੇ ਉਹਨਾਂ ਨੇ ਕਹਿਰ ਤੋੜੀ ਤਾਂ ਹੋਰ ਵੀ ਲਿਖਾਂਗਾ ਤੇ ਆਪਨੂੰ ਭੇਜਦਾ ਰਹਾਂਗਾ।

ਸੰਤੋਖ ਸਿੰਘ ਸੰਤੋਖ

ਸੰਪਾਦਕ ਜੀ,

'ਦੇਸ ਪ੍ਰਦੇਸ' ਦੇ 19-3-82 ਦੇ ਪੰਨੇ 33 ਤੇ ਸ਼੍ਰੀ ਜੋਗਾ ਜਾਂਗਲੀ ਵਲੋਂ "ਗੱਲ ਦੂਜੇ ਵਿਸ਼ਵ ਪੰਜਾਬੀ ਸਮੇਲਨ ਦੀ" ਛਪੀ ਹੈ। ਉਸ ਨੂੰ ਪੜ੍ਹ ਕੇ ਤੇ ਖਾਸ ਤੌਰ ਤੇ ਆਖਰੀ ਸਤਰਾਂ "ਮੈਨੂੰ ਤਾਂ ਸਮਝ ਨਹੀਂ ਪੈਂਦੀ। ਹਾਂ ਜੇ ਕੋਈ ਦਲੀਲ ਨਾਲ ਸਮਝਾ ਸਕੇ ਤਾਂ ਮੈਂ ਸਮਝਣ ਲਈ ਤਿਆਰ ਹਾਂ।" ਕੁਝ ਕਹਿਣ ਦਾ ਮੌਕਾ ਬਣਿਆ ਹੈ।

ਲੇਖ ਖ਼ਤ, ਹੰਸ-ਪੱਤਰ ਜਾਂ ਰੋਸ-ਪੱਤਰ ਦੇ ਦੂਜੇ ਪਹਿਰੇ ਵਿਚ ਉਹ ਲਿਖਦਾ ਹੈ, "ਇਹ ਗੱਲ ਮੈਂ ਵਿਸ਼ੇਸ਼ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਇਹ ਮੇਰੇ ਨਿੱਜੀ ਵਿਚਾਰ ਹਨ ਅਤੇ ਇਹਨਾਂ ਦਾ ਪ੍ਰਗਤੀਸ਼ੀਲ ਲਿਖਾਰੀ ਸਭਾ (ਜੀ ਬੀ) ਸਾਊਥਾਲ ਬ੍ਰਾਂਚ ਜਾਂ ਅੰਤਰ-ਰਾਸ਼ਟਰੀ ਵਿਸ਼ਵ ਪੰਜਾਬੀ ਸਾਹਿਤ ਸਮੇਲਨ–ਤਾਲਮੇਲ ਕਮੇਟੀ ਨਾਲ ਕੋਈ ਸਬੰਧ ਨਹੀਂ ਹੈ, ਜਿਹਨਾਂ ਦਾ ਮੈਂ ਮੈਂਬਰ ਹਾਂ।"

ਇਹ ਪੜ੍ਹ ਕੇ ਉਸ ਬੀਮਾਰ ਚੂਹੇ ਦੀ ਯਾਦ ਆਉਂਦੀ ਹੈ, ਜੋ ਇਕ ਸਮੇਂ ਤੁਰੇ ਜਾਂਦੇ ਹਾਥੀ ਨੂੰ ਕਹਿ ਬੈਠਾ, "ਓਏ ਤੂੰ ਕੌਣ ਏਂ ?" ਅੱਗੋਂ ਹਾਥੀ ਨੇ ਕਿਹਾ, "ਮੈਂ ਹਾਥੀ।" ਹਾਥੀ ਨੇ ਜਵਾਬ ਦੇ ਨਾਲ ਹੀ ਪੁੱਛ ਲਿਆ ਕਿ ਤੂੰ ਕੌਣ ਏਂ ? ਤਾਂ ਅੱਗੋਂ ਚੂਹਾ ਬੋਲਿਆ, "ਹੈਗਾ ਤਾਂ ਮੈਂ ਵੀ ਹਾਥੀ ਹਾਂ, ਪਰ ਅੱਜਕਲ ਜ਼ਰਾ ਬੀਮਾਰ ਹਾਂ।"

ਤਾਲਮੇਲ ਕਮੇਟੀ ਦੇ ਮੈਂਬਰਾਂ ਦੀ ਵੁੱਕਤ ਹੈ ਜਾਂ ਦੂਜੇ ਵਿਸ਼ਵ ਸਮੇਲਨ ਨੂੰ ਕਨੇਡਾ ਕਰਵਾਉਣ ਦੇ ਜੋ ਫੈਸਲੇ ਹੋਏ ਹਨ। ਉਹਨਾਂ ਦਾ ਸਾਰਾ ਕਾਰੋਬਾਰ ਸਿਰਫ਼ ਇਕ ਬੰਦੇ ਪ੍ਰੀਤਮ ਸਿੰਘ ਪੀ. ਸੀ. ਐਸ. ਦੇ ਹੱਥ-ਵੱਸ ਹੈ। ਇਸ ਬਾਰੇ ਏਸ ਕਮੇਟੀ ਦੇ ਕਨੇਡਾ ਦੇ ਮੈਂਬਰ ਅਜਮੇਰ ਰੋਡੇ ਨੇ 'ਵਤਨ ਦੂਰ' ਜਨਵਰੀ, ਫਰਵਰੀ 1982 ਵਿਚ ਵਿਸਥਾਰ ਨਾਲ ਚਾਨਣਾ ਪਾਇਆ ਹੈ। ਜਦੋਂ ਕਨੇਡਾ ਦੇ ਬਹੁ-ਗਿਣਤੀ ਪੰਜਾਬੀ ਲੇਖਕਾਂ ਨੇ ਇਸ ਪ੍ਰਪੰਚ ਦਾ ਵਿਰੋਧ ਕੀਤਾ ਹੈ। ਕੀ ਜਾਂਗਲੀ ਜਾਂ ਉਸ ਦਾ ਪੱਖ ਪ੍ਰਦਰਸ਼ਕ ਇਹ ਦੱਸ ਸਕਦਾ ਹੈ ਕਿ ਕਨੇਡਾ ਵਿਚਲੇ ਤਾਲਮੇਲ ਕਮੇਟੀ ਦੇ ਦੋਵੇਂ ਮੈਂਬਰ ਗੁਰਚਰਨ ਰਾਮਪੁਰੀ ਤੇ ਅਜਮੇਰ ਰੋਡੇ ਇਸ ਕਮੇਟੀ ਤੋਂ ਕਿਉਂ ਅਸਤੀਫ਼ਾ ਦੇ ਗਏ ਹਨ? ਕੀ ਉਹ ਹੁਣ ਪੰਜਾਬੀ ਭਾਸ਼ਾ ਦੇ ਲੇਖਕ ਮੁਦਈ, ਅਤੇ ਸ਼ੁਭ ਚਿੰਤਕ ਰਹਿ ਗਏ ਹਨ, ਜਾਂ ਧਿਰਕਾਰ ਦਿੱਤੇ ਗਏ ਹਨ ? ਸਗੋਂ ਬਹੁ-ਗਿਣਤੀ ਕਨੇਡਾ ਲੇਖਕਾਂ ਨੇ ਉਹਨਾਂ ਦੇ ਇਸ ਫੈਸਲੇ ਦਾ ਸੁਆਗਤ ਕੀਤਾ ਹੈ। (ਕਿਸੇ ਇਕ ਵੀ ਕਨੇਡਾ ਦੇ ਪੰਜਾਬੀ ਲੇਖਕ ਨੇ ਲਿਖਤੀ ਰੂਪ ਵਿਚ ਉਹਨਾਂ ਦਾ ਵਿਰੋਧ ਨਹੀਂ ਕੀਤਾ।)

ਪਹਿਲੇ ਵਿਸ਼ਵ ਸਮੇਲਨ ਦੇ ਨਾਮਜ਼ਦ ਕੀਤੇ ਜਾਂ ਥਾਪੇ ਮੈਂਬਰਾਂ ਨੇ ਜੋ ਵਿਰੋਧ ਕੀਤਾ ਹੈ ਤਾਂ ਜਾਂਗਲੀ ਕਿਹੜੀ ਦਲੀਲ ਦੇ ਆਧਾਰ ਤੇ ਆਖਦਾ ਹੈ ਕਿ ਦੂਜਾ ਸਮੇਲਨ ਕਨੇਡਾ ਵਿਚ ਜ਼ਰੂਰ ਹੋਣਾ ਚਾਹੀਦਾ ਹੈ। ਇਹ ਤਾਂ ਇੰਜ ਹੈ ਕਿ ਘਰ ਵਾਲਿਆਂ ਦੀ ਸਲਾਹ ਨਹੀਂ, ਪਰ ਪ੍ਰਾਹੁਣੇ ਦੇ ਦੋ ਦੋ ਸੇਟ ਦੀਆਂ ਸਕੀਮਾਂ ਘੜ ਰਹੇ ਹਨ।

ਦੂਜੀ ਗੱਲ, ਭਾਰਤ ਤੇ ਪਾਕਿਸਤਾਨ ਦੇ ਸਿਆਸੀ ਹਾਲਾਤ ਐਨੇ ਸਾਜ਼ਗਾਰ ਨਹੀਂ ਕਿ ਸਮੇਲਨ ਉਥੇ ਕਰਵਾਇਆ ਜਾ ਸਕੇ। ਜਿੱਥੋਂ ਤੀਕ ਪਾਕਿਸਤਾਨ ਦਾ ਸਬੰਧ ਹੈ ਜੋ ਜਾਂਗਲੀ ਦੀ ਵਿਸਥਾਰਕ ਵਿਆਖਿਆ ਨੂੰ ਬਿਨਾਂ ਸ਼ੱਕ-ਸ਼ੁਭੇ ਦੇ ਮੰਨ ਕੇ ਵੀ ਕੁਝ ਸਵਾਲ ਉਠਦੇ ਹਨ। ਪਹਿਲੇ ਸਮੇਲਨ ਵਿਚ ਜਿਹੜੇ ਲੇਖਕ ਸ਼ਾਮਲ ਨਹੀਂ ਹੋ ਸਕੇ, ਹੁਣ ਜੇ ਦੂਜੇ ਮੁਲਕ ਵਿਚ ਹੁੰਦਾ ਹੈ ਤਾਂ ਉਹਨਾਂ ਦੇ ਪੁੱਜਣ ਦੀ ਕੀ ਗਰੰਟੀ ਹੋ ਸਕਦੀ ਹੈ ? ਜੇ ਇਕ ਮੁਲਕ ਦੇ ਮੰਨੇ-ਪ੍ਰਮੰਨੇ ਸਹੀ ਨੁਮਾਇੰਦੇ ਭਾਗ ਨਹੀਂ ਲੈਂਦੇ, ਕੀ ਵਿਸ਼ਵ ਨਾਂ ਦਾ ਅਰਥ ਹਾਸੋ ਹੀਣਾ ਨਹੀਂ ਹੋ ਜਾਂਦਾ ? ਸ਼ਰੀਫ਼ ਕੁੰਜਾਹੀ ਬਾਰੇ ਵੀ ਉਹਨਾਂ ਦੇ ਏਥੇ ਪਹੁੰਚਣ ਬਾਰੇ ਜੋ ਤੱਥ ਮਿਲੇ ਹਨ, ਉਹ ਜਿਆ ਉਲ ਹੱਕ ਨੂੰ ਖ਼ੁਸ਼ ਕਰਕੇ ਹੀ ਆ ਸਕੇ ਸਨ। ਵਰਨਾ ਉਹਨਾਂ ਦਾ ਹਾਲ ਵੀ ਦੂਜਿਆਂ ਵਾਲਾ ਹੀ ਹੋਣਾ ਸੀ।

ਹੁਣ ਅਸੀਂ ਭਾਰਤੀ ਸਥਿਤੀ ਦੀ ਗੱਲ ਕਰਦੇ ਹਾਂ। ਜਾਂਗਲੀ ਜੀ ਲਿਖਦੇ ਹਨ, "ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਪਹਿਲਾ ਵਿਸ਼ਵ ਪੰਜਾਬੀ ਸਮੇਲਨ ਗਿਆਨੀ ਜ਼ੈਲ ਸਿੰਘ ਨੇ ਉਸ ਸਮੇਂ ਐਲਾਨਿਆਂ ਸੀ, ਜਦੋਂ ਉਹ ਪੰਜਾਬ ਦਾ ਮੁੱਖ ਮੰਤਰੀ ਸੀ। ਮੈਨੂੰ ਇਹ ਗੱਲ ਬੜੇ ਹੀ ਭਰੋਸੇਯੋਗ ਸੂਤਰਾਂ ਨੇ ਦੱਸੀ ਹੈ (ਉਸ ਦੇ ਕਹਿਣ ਤੇ ਮੈਂ ਉਸ ਦਾ ਨਾਂ ਨਹੀਂ ਦੱਸ ਸਕਦਾ) ਕਿ ਖ਼ੁਦ ਸ੍ਰੀਮਤੀ ਗਾਂਧੀ ਨੇ ਜ਼ੈਲ ਸਿੰਘ ਨੂੰ ਦਿੱਲੀ ਬੁਲਾ ਕੇ ਇਸ ਸਮੇਲਨ ਦਾ ਭੋਗ ਪਾ ਦੇਣ ਲਈ ਆਖਿਆ ਸੀ।"

ਕੀ ਇਸ ਵਿਚ ਕੋਈ ਅਤਿਕਥਨੀ ਹੈ ਕਿ ਉਸ ਸਮੇਂ ਦੇ ਸਮੇਲਨ ਦੇ ਇੰਚਾਰਜ ਤੇ ਅੱਜ ਦੇ ਇਸ ਸਮੇਲਨ ਦੇ ਕਰਤੇ-ਧਰਤੇ ਉਹੀ ਨੇ। ਪ੍ਰੀਤਮ ਸਿੰਘ ਆਈ ਸੀ ਐਸ. ਜ਼ੈਲ ਸਿੰਘ ਸਮੇਂ ਵੀ ਇੰਚਾਰਜ ਸਨ ਤੇ ਅੱਜ ਦੇ ਸਮੇਲਨ ਦਾ ਇੰਚਾਰਜ ਵੀ ਉਹੀ ਪ੍ਰੀਤਮ ਸਿੰਘ ਹੈ। ਜਾਂਗਲੀ ਜੀ ਤੁਹਾਡੀ ਇਹ ਕਿਹੜੀ ਦਲੀਲ ਹੈ ? ਤੁਸੀਂ ਇੰਦਰਾ ਦੇ ਹਮਾਇਤੀ ਹੋ, ਜ਼ੈਲ ਸਿੰਘ ਦੇ ਹੋ ਜਾਂ ਦਰਬਾਰੇ ਦੇ ? ਤੁਸੀਂ ਸ਼ਿਕਾਰ ਤੇ ਸ਼ਿਕਾਰੀ ਦੋਹਾਂ ਨਾਲ ਦੌੜਨ ਦੀ ਕੋਸ਼ਿਸ਼ ਕਰਦੇ ਹੋ।

ਹੁਣ ਗੱਲ ਗੰਗਾ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ ਐਜੂਕੇਸ਼ਨ ਕਾਨਫਰੰਸ ਬਾਰੇ ਕੀਤੀ ਜਾ ਸਕਦੀ ਹੈ। ਇਹ ਗੱਲ ਕਈ ਖ਼ਾਲਿਸਤਾਨੀ ਕਹਿ ਤਾਂ ਵਧੇਰੇ ਜਚਦੀ ਹੈ। ਉਂਜ ਖ਼ਾਲਿਸਤਾਨ ਬਾਰੇ ਭਾਰੇ ਦੇ ਟਟੂ ਕਨੇਡਾ ਵਿਚ ਵੀ ਪਾਏ ਜਾਂਦੇ ਹਨ। ਇਹ ਗੱਲ ਜਸਵੰਤ ਸਿੰਘ ਕੰਵਲ ਤਾਂ ਕਰ ਸਕਦਾ ਹੈ ਕਿ ਕਨੇਡਾ ਜਾ ਕੇ ਖ਼ਾਲਿਸਤਾਨ ਦਾ ਪ੍ਰਚਾਰ ਕੀਤਾ ਜਾ ਸਕੇ। ਏਥੇ ਮੈਂ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਕੰਵਲ ਦੇ ਲੇਖ ਬਾਰੇ ਜਾਂਗਲੀ ਨੇ ਜੋ ਕੁਝ ਲਿਖਿਆ ਹੈ, ਉਸ ਨੂੰ ਮੈਂ ਸਹੀ ਹੀ ਨਹੀਂ ਮੰਨਦਾ, ਉਸ ਦਾ ਪੂਰਨ ਸਮਰਥਨ ਕਰਦਾ ਹਾਂ। ਭਾਵੇਂ ਇਹੋ ਗੱਲ ਦਸ ਸਾਲ ਪਹਿਲਾਂ ਹਰਬਖ਼ਸ਼ ਮਖ਼ਸੂਸਪੁਰੀ ਨੇ 'ਜਥੇਦਾਰ ਜਸਵੰਤ ਸਿੰਘ ਕੰਵਲ' ਲਿਖ ਕੇ ਕਹੀ ਸੀ। ਪਰ ਜਿਸ ਦਲੀਲ ਦੀ ਮੰਗ ਇਥੇ ਕੀਤੀ ਗਈ ਹੈ, ਉਸ ਅਨੁਸਾਰ ਖ਼ਾਲਿਸਤਾਨ ਦਾ ਸਮਰਥਨ ਹੀ ਨਿਕਲਦਾ ਹੈ।

ਅੱਜ ਕਲ ਇੰਦਰਾ ਗਾਂਧੀ ਤੋਂ ਲੈ ਕੇ ਜਾਂਗਲੀ ਤਕ, ਨੂੰ ਇਕ ਗੱਲ ਜਿਹੜੀ ਸਭ ਤੋਂ ਵਧ ਦੁਖਦਾਇਕ ਹੈ ਉਹ ਹੈ ਪੱਛਮੀ ਬੰਗਾਲ ਤੇ ਉਥੋਂ ਦੀ ਸਰਕਾਰ, ਜਾਂਗਲੀ ਨੇ ਵੀ ਆਪਣਾ ਹਾਜ਼ਮਾ ਦਰੁੱਸਤ ਕਰਨ ਲਈ ਮੱਲੋ-ਮੱਲੀ ਪੱਛਮੀ ਬਗਾਲ ਦੀ ਮਾਰਕਸੀ ਸਰਕਾਰ ਨੂੰ ਘਸੀਟ ਲਿਆਂਦਾ ਹੈ। ਅੱਜ ਤਕ ਦੇ ਸਮੇਲਨ ਬਾਰੇ ਵਾਦ-ਵਿਵਾਦ ਵਿਚ ਕਦੇ ਵੀ ਪੱਛਮੀ ਬੰਗਾਲ ਦਾ ਜ਼ਿਕਰ ਨਹੀਂ ਸੀ ਆਇਆ। ਹੁਣ ਵੀ ਜਿਸ ਢੰਗ ਨਾਲ ਕੇਰਲਾ ਦੀ ਸਰਕਾਰ ਦੇ ਖ਼ਾਤਮੇ ਮਗਰੋਂ ਬੰਗਾਲ ਦਾ ਜ਼ਿਕਰ ਆਇਆ ਹੈ ਇਹ ਪੰਡਤ ਵਿਸ਼ਨੂੰ ਦੱਤ ਸ਼ਰਮਾ ਵਾਂਗ ਇੰਦਰਾ ਦੇ ਭਗਤ ਹੋਣ ਦਾ ਸਬੂਤ ਹੀ ਹੈ। ਉਂਜ ਵੀ ਪਹਿਲੇ ਸਮੇਲਨ ਦੇ ਰਿਤਕਣ ਵਿਚੋਂ ਜੋ ਮਖਣੀ ਨਿਕਲੀ ਹੈ ਉਸ ਨਾਲ ਵਿਸ਼ਨੂੰ ਦੀ ਰੋਟੀ ਤਾਂ ਭਾਵੇਂ ਚੋਪੜੀ ਗਈ ਹੋਵੇ, ਪ੍ਰੰਤੂ ਹੋਰ ਕਿਸੇ ਦੀ ਸਿਹਤ 'ਤੇ ਤਾਂ ਕੋਈ ਅਸਰ ਨਹੀਂ ਦਿਸਿਆ।

ਜਿਸ ਢੰਗ ਦੀ ਵਕਾਲਤ ਹੋ ਰਹੀ ਹੈ, ਉਸ ਅਨੁਸਾਰ ਦੂਜਾ ਸਮੇਲਨ ਹਰ ਹਾਲਤ ਵਿਚ ਕਨੇਡਾ, ਤੀਜਾ ਕੀਨੀਆਂ, ਚੌਥਾ ਸਿੰਘਾਪੁਰ ਹੋਵੇਗਾ। ਇਸ ਗੱਲ ਦੀ ਪੁਸ਼ਟੀ ਜਾਂਗਲੀ ਵੀ ਕਰਦਾ ਹੈ। ਇਸ ਸਾਰੀ ਸਕੀਮ ਦਾ ਸਬੰਧ ਕਿੰਨਾ ਕੁ ਪੰਜਾਬੀ ਬੋਲੀ ਨਾਲ ਹੋ ਸਕਦਾ ਹੈ ? ਮੈਂ ਤਾਂ ਕਹਾਂਗਾ ਕਿ ਇਸ ਸਾਰੇ ਪਰਪੰਚ ਲਈ ਇਹਨਾਂ ਨੂੰ ਭਾਰਤੀ ਪੰਜਾਬੀ ਲੇਖਕਾਂ ਲਈ "ਛੁੱਟੀਆਂ ਵਿਚ ਮਨੋਰੰਜਨ ਪ੍ਰੋਗਰਾਮ ਕੰਪਨੀ" ਬਣਾ ਲੈਣੀ ਚਾਹੀਦੀ ਹੈ। ਏਥੇ ਮੈਂ ਅਜਮੇਰ ਰੋਡੇ ਦਾ ਵਿਸਥਾਰ ਵਿੱਚੋਂ ਇਕ ਪੈਰ੍ਹਾ ਦੇਣਾ ਚੰਗਾ ਸਮਝਦਾ ਹਾਂ

"ਮੌਜੂਦਾ ਕੌਮਾਂਤਰੀ ਤਾਲ-ਮੇਲ ਕਮੇਟੀ ਇਕ ਢਕਵੰਜ ਬਣ ਕੇ ਰਹਿ ਗਈ ਹੈ। ਅਜੇ ਤੱਕ ਇਸ ਦੀਆਂ ਭਾਰਤ ਵਿਚ ਹੋਈਆਂ ਦੱਸੀਆਂ ਜਾਂਦੀਆਂ ਮੀਟਿੰਗਾਂ ਵਿੱਚੋਂ ਇਕ ਮੀਟਿੰਗ ਦਾ ਹੀ ਗਿਆਨ ਹੈ, ਜਿਸ ਵਿਚ ਜਸਵੰਤ ਸਿੰਘ ਕੰਵਲ, ਜ. ਸ. ਆਹਲੂਵਾਲੀਆ, ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਅਤੇ ਪ੍ਰੀਤਮ ਸਿੰਘ ਪੀ. ਸੀ. ਐਸ. ਸ਼ਾਮਲ ਹੋਏ ਲਿਖੇ ਗਏ ਹਨ (ਜਿਸ ਵਿਚ ਪਹਿਲੀ ਵਾਰ ਹੀ ਇਹ ਫੈਸਲਾ ਲੈ ਲਿਆ ਗਿਆ ਕਿ ਦੂਜਾ ਸਮੇਲਨ ਕਨੇਡਾ ਵਿਚ ਹੀ ਹੋਵੇ) ਉਸ ਪਿਛੋਂ ਪ੍ਰੀਤਮ ਸਿੰਘ ਵਲੋਂ ਜਿੰਨੇ ਵੀ ਖ਼ਤ ਆਏ, ਉਹਨਾਂ ਵਿਚ ਤਾਲਮੇਲ ਕਮੇਟੀ ਦਾ ਮਸਾਂ ਜ਼ਿਕਰ ਹੀ ਹੁੰਦਾ ਹੈ। ਹੋਰ ਕਿਸੇ ਮੈਂਬਰ ਨੇ ਕਮੇਟੀ ਦੀਆਂ ਕਾਰਵਾਈਆਂ ਵਿਚ ਉੱਕਾ ਹੀ ਦਿਲਚਸਪੀ ਨਹੀਂ ਦਿਖਾਈ। ਸਾਨੂੰ ਇਹ ਵੀ ਯਾਦ ਨਹੀਂ ਕਿ ਐਗਜ਼ੈਕਟਿਵ ਵਿਚ ਕੌਣ ਕੌਣ ਮੈਂਬਰ ਸਨ ? ਚੇਅਰਮੈਨ ਕੌਣ ਸੀ ? ਉਂਜ ਤਾਂ ਉਹ ਸਮੇਲਨ ਕਨੇਡਾ ਵਿਚ ਕਰਵਾਉਣ ਲਈ ਤਤਪਰ ਸਨ ਪਰ ਜਦੋਂ ਕਨੇਡਾ ਦੇ ਇਕ ਮੈਂਬਰ (ਅਜਮੇਰ ਰੋਡੇ) ਨਾਲ ਉਹਨਾਂ ਚੰਡੀਗੜ੍ਹ ਵਿਚ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਤਾਂ ਉਸ ਮੀਟਿੰਗ ਦੀ ਕਾਰਵਾਈ ਦੀ ਸੂਚਨਾ ਨਾ ਛਾਪੀ, ਨਾ ਹੀ ਕਿਸੇ ਨੂੰ ਭੇਜੀ ਕਿਉਂਕਿ ਇਹ ਉਹਨਾਂ ਦੇ ਹੱਕ ਵਿਚ ਨਹੀਂ ਜਾਂਦੀ ਸੀ।"

"ਜੇ ਦੂਜਾ ਵਿਸ਼ਵ ਪੰਜਾਬੀ ਸਮੇਲਨ ਹੁਣ ਕਿਸੇ ਵੀ ਰੂਪ ਵਿਚ ਕਨੇਡਾ ਵਿਚ ਕੀਤਾ ਗਿਆ ਤਾਂ ਕੌਮਾਂਤਰੀ ਤਾਲਮੇਲ ਕਮੇਟੀ ਦਾ ਢਕਵੰਜ ਤਾਂ ਨਿੱਖਰ ਕੇ ਸਾਹਮਣੇ ਆਏਗਾ ਹੀ, ਨਾਲ ਹੀ ਭਵਿੱਖ ਵਿਚ ਹੋਣ ਵਾਲੇ ਵਿਸ਼ਵ ਸਮੇਲਨਾਂ ਦੀ ਪ੍ਰਮਾਣਿਕਤਾ ਉਤੇ ਵੀ ਗਹਿਰੀ ਸੱਟ ਵਜੇਗੀ।"

ਪਹਿਲੇ ਸਮੇਲਨ ਦੇ ਅੰਤ ਤੇ 'ਕੰਵਲ' ਆਪਣੇ ਚੇਲਿਆਂ ਨੂੰ ਗੁਰਦਵਾਰਿਆਂ ਵਿਚ ਘੁਸੜਨ ਦਾ ਆਦੇਸ਼ ਦੇ ਕੇ ਗਿਆ ਸੀ। ਹੋ ਸਕਦਾ ਹੈ **ਕਨੇਡਾ ਪੁੱਜ ਕੇ ਕਿਸੇ ਕਬੀਲਾ-ਰੂਪ ਨੀਤੀ ਦਾ** ਐਲਾਨ ਕਰ ਦਵੇ।

ਜਾਂਗਲੀ ਲਈ ਦਲੀਲ ਦੀ ਗੱਲ ਤਾਂ ਇਹ ਹੈ ਕਿ ਬੰਦਾ ਇਕ ਵਾਰ ਗਲਤੀ ਕਰਕੇ ਸੁਧਾਰ ਲਵੇ ਤਾਂ ਉਹ ਬੰਦੇ ਦਾ ਬੰਦਾ ਤਾਂ ਰਹਿੰਦਾ ਹੈ ਪ੍ਰੰਤੂ ਇਥੇ ਤਾਂ ਕਰੋੜਪਤੀ ਖੋਤਿਆਂ ਦੀ ਗੱਲ ਹੈ।

— ਸੰਤੋਖ ਸਿੰਘ ਸੰਤੋਖ

**BEST REPAIRS AND CHEAPER SEVICES OR REBUILDING APPLIANCES**
**REFRIGERATORS* STOVES* WASHERS* AND ELECTRICAL WIRING* MICRO-WAVES DRYERS* GURBURATORS.**



ਬਲਦੇਵ ਧੰਜਲ

## PHONE: 298-7198

**ਜੇ ਤੁਹਾਡਾ ਫਰਿਜ. ਫਰੀਜ਼ਰ, ਬਿਜਲੀ ਦਾ ਸਟੋਵ, ਜਾਂ ਡਰਾਇਰ ਖਰਾਬ ਹੋਵੇ ਤਾਂ ਤਸੱਲੀ ਬਖਸ਼ ਮੁਰੰਮਤ ਵਾਸਤੇ ਫੂਨ ਕਰੋ।**

**BALDEV DHANJAL**
**298-7198**

**CERTIFIED TECHNICIAN**

*THE HOUSE OF FASHIONS*

# *ELITE TAILORS*

ਇਥੋਂ ਤੁਹਾਨੂੰ ਮਰਦਾਂ, ਔਰਤਾਂ ਲਈ ਰੈਡੀਮੇਡ ਕੱਪੜੇ ਮਿਲਦੇ ਹਨ ਜਿਵੇਂ ਕਿ ਮਰਦਾਂ ਲਈ ਸ਼ਰਟਾਂ, ਪੌਲੀਐਸਟਰ ਪੈਂਟਾਂ, ਤਿੰਨ ਪੀਸ ਸੂਟ, ਵੈਲਵੈਟ ਇਮੋਸ਼ਨ ਮਰਦਾਂ ਦੀਆਂ ਜੁੱਤੀਆਂ ਵੀ ਮਿਲਦੀਆਂ ਹਨ। ਲੇਡੀਜ਼ ਲਈ ਪੈਂਟਾਂ, 3 ਪੀਸ ਸੂਟ, ਵੈਲਵੈਟ ਜੈਕਟਾਂ ਆਦਿ ਵੀ ਮਿਲਦੀਆਂ ਹਨ

*SATISFACTION GUARANTEED*

**Please Visit Us.**

**ELITE TAILORS**
**4219 MAIN STREET**
**PHONE: 872-2276**

VISA *** MAIL ORDERS ACCEPTED*** master charge

*PAUL'SPLUMBING*
*&ELECTRICALSUPPLY*

**PLUMBING & BATHROOM FIXTURES & SUPPLIES**
**HOT WATER TANKS**
**HOT WATER HEATING & SUPPLIES**





ਖੁਸ਼ਖਬਰੀ! ਤੁਹਾਡੀ ਜ਼ਰੂਰਤ ਲਈ ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ ਆਪਣੇ ਭਾਈ ਓਮ ਪਾਲ ਵਲੋਂ 32 ਐਵਨਿਊ ਲਾਗੇ 4774 ਮੇਨ ਸਟਰੀਟ ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ। ਸਾਡੇ ਕੋਲ ਆਵੋ, ਪੰਜਾਬੀ 'ਚ ਗੱਲ ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਕਰੋ।

**872 3118**

**English-Punjab-Hindi Spoken**
**4774 Main St (at 32nd)**
**Vancouver ● 872-3118**
**Open Sunday — Parking at rear.**

## FOR YOUR INSURANCE NEEDS: SUCH AS —

- **AUTO INSURANCE**
- **BUSINESS**
- **COMMERCIAL**
- **HOME OWNERS**
- **TRAVEL INSURANCE**



*BALDEV SANGRA*
PH. 321 - 6557
*(604) 687-7711*
*PAGER: 7648*

autoplan

ਹਰ ਪਕਾਰ ਦੇ ਬੀਮੇਂ ਜਿਵੇਂ ਕਾਰ, ਟ੍ਰੱਕ, ਮਕਾਨ ਅਤੇ ਕੌਂਪਰ ਆਦਿ ਲਈ ਸ਼ਾਡੀਆਂ ਸੇਵਾਵਾਂ ਹਾਜ਼ਰ ਹਨ।

BENNET — SANGHRA
INSURANCE AGENCY LTD.
6553 VICTORIA DR. VAN. B.C.

# ਬੰਬੇ ਸਵੀਟ ਮੈਨੂਫੈਕਚਰਰ

**4405 MAIN ST., VANCOUVER, B.C.**

## ਬੰਬੇ ਸਵੀਟ ਮੈਨੂਫੈਕਚਰਰ

**FOR LARGEST VARIETY IN INDIAN SWEETS**

ਵਾਧੂ ਪੈਸੇ ਕਿਉਂ ਖ਼ਰਚਣੇ ਹਨ? ਆਓ ਸਾਡੇ ਰੇਟ ਤੇ ਮਾਲ ਚੈੱਕ ਕਰੋ

ਤੁਹਾਡੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ
ਬੰਬੇ ਸਵੀਟ ਨੇ ਇਕ ਹੋਰ ਬਰਾਂਚ ਪੰਜਾਬੀਆਂ ਦੇ ਗੜ੍ਹ - ਪੰਜਾਬੀ ਮਾਰਕਿਟ ਵਿਚ
**6545 MAIN ST., (NEAR 49TH. AVE)** ਦੇ ਕੋਲ ਖੋਲ੍ਹ ਦਿੱਤੀ ਹੈ

ਉਥੇ ਸਾਰੀਆਂ ਭਾਰਤੀ ਮਠਿਆਈਆਂ - ਅਤੇ ਭਾਰਤੀ ਸਵਾਦੀ ਖਾਣੇ - ਜਿਵੇਂ ਕਿ,

*OUR TEMPTATIONS*,
Largest Variety in Indian Sweets

Burfi - Laddo - Rasgulas - Gulab Jamuns - Masu - Pinnis
**Balu Shahi - Besan - Petha - Gajarpak**

ਅਸੀਂ ਹਰ ਤਰਾਂ ਦੀਆਂ ਭਾਰਤੀ ਸਵਾਦੀ ਮਠਿਆਈਆਂ ਬਣਾਉਣ ਦੇ ਵਿੱਚ ਮਾਹਰ ਹਾਂ।
ਵਿਆਹ ਸ਼ਾਦੀਆਂ ਲਈ ਖਾਸ ਰਿਆਇਤ ਦਿੱਤੀ ਜਾਂਦੀ ਹੈ।

- ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
- ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ....

.....ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼ੀਦਣ ਲਈ

ਸ਼ੁਕਲਾ ਬ੍ਰਾਦਰਜ਼

ਵਿਆਹ ਸ਼ਾਦੀਆਂ, ਪਾਰਟੀਆਂ ਲਈ
ਆਰਡਰ ਦੋਹਾਂ ਸਟੋਰਾਂ ਤੇ
ਬੁਕ ਕੀਤੇ ਜਾਂਦੇ ਹਨ

# BOMBAY SWEET MANUFACTURER

Manager: SHUKLA

**874-5722** **321-1414**

**WE ARE OPEN EVERY DAY 9 A.M. TO 9:30 P.M.**

**4405 MAIN ST. (AT 28TH. AVE)
VANCOUVER — TEL. 874-5722**

**6545 MAIN ST. (AT 49TH. AVE)
VANCOUVER, TEL. 321-1414**

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਦੋ ਮਾਸਕ ਪੱਤਰ
**WATNO DUR**
P.O. BOX 67681 STN. "O"
VANCOUVER, B.C. V5W 3V2
Second class mail Reg. No. 3233

To


# FRONTIER CLOTH HOUSE LTD.
**6695 MAIN STREET VANCOUVER, B.C.**


## THE KING OF SAREE

**Tel.: 325-3515**

**Tel.: 325-4424**

*New*

# JAPAN SAREE CENTRE




*6672 Main St. At 51st. Vancouver*
*PH: 325-3515*




ਹੁਣ ਅਸੀਂ ਤੁਹਾਡੀ ਸਹੂਲਤ ਲਈ ਫਰੰਟੀਅਰ ਬਿਲਡਿੰਗ ਦੀ ਦੂਸਰੀ ਮੰਜ਼ਿਲ ਤੇ ਆਪਣਾ ਪੜ੍ਹਦਿਆਂ ਦਾ ਸ਼ੋਅ ਰੂਮ ਖਲ੍ਹ ਲਿਆ ਹੈ

*FRONTIER DRAPERY SHOWROOM*

*On 2nd floor of Frontier Bldg.*

*SHOP FRONTIER TO GET BEST VALUE OF YOUR DOLLAR*


WATNO DUR (Far from the Motherland) is a literary and cultural bi-monthly of PANJABI – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2